ਮੁਖਵਾਕ ਨੰਬਰ ੬੦ [ਆਦਿ ਅੰਗ ੬੨੫]

ਨੋਟ—ਕਈ ਸਰੂਪਾਂ ਵਿਚ ਇਹ ਮੁਖਵਾਕ ੬੨੬ ਤੋਂ ਵੀ ਸ਼ੁਰੂ ਹੁੰਦਾ ਹੈ।

***ਸੋਰਠਿ ਮਹਲਾ ੫ ॥ ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥ ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥ ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ ਰਹਾਉ ॥ ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥ ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥੨॥੨॥੬੬॥***

ਇਹ ਅੰਮ੍ਰਿਤ ਬਚਨ ਸ਼ਹੀਦਾਂ ਦੇ ਸਿਰਤਾਜ ਸ਼ਾਂਤੀ ਦੇ ਪੁੰਜ, ਗੁਰੂ ਨਾਨਕ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗਣੀ ਵਿੱਚ ਉਚਾਰਨ ਕੀਤਾ ਹੋਇਆ ਹੈ। ਇਸ ਸਬਦ ਦੀ ਪਹਿਲੀ ਤੁਕ ਵਿਚ ਹੀ ਪ੍ਰਮੇਸ਼ਰ ਦੇ ਚਿੰਤਨ ਦੀ ਬਰਕਤ ਦੱਸਦੇ ਹਨ।

## ***ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥***

ਜਿਨ੍ਹਾਂ ਘਰਾਂ ਵਿਚ ਵਸਣ ਵਾਲੇ ਜੀਵਾਂ ਨੂੰ ਪਾਰਬ੍ਰਹਮ=ਪਾਰਾਵਾਰ ਤੋਂ ਰਹਿਤ ਵਿਆਪਕ ਸਰੂਪ ਪ੍ਰਮਾਤਮਾ ਚਿਤਿ=ਚੇਤੇ ਵਾ: ਚਿਤਵਨੀ ਵਿਚ ਆਇਆ ਹੈ ਸੋ=ਉਹ ਘਰੁ ਦਯਿ=ਪ੍ਰੇਰਕ ਪ੍ਰਭੂ ਨੇ ਹਰ ਪ੍ਰਕਾਰ ਦੇ ਸੁਖਾਂ ਨਾਲ ਵਸਾਇਆ=ਵਸਾਉਣਾ ਕੀਤੇ ਹਨ। ਗੁਰਬਾਣੀ ਵਿਚ ਉਹੀ ਘਰ ਸੁੰਦਰ ਅਤੇ ਸੋਭਨੀਕ ਮੰਨੇ ਹਨ ਜਿਨ੍ਹਾਂ ਘਰਾਂ ਵਿਚ ਪ੍ਰਭੂ ਦਾ ਜਸ ਹੋ ਰਿਹਾ ਹੈ।

ਯਥਾ— **ਸੁੰਦਰ ਮੰਦਰ ਸੈਣਹ ਜੇਣ ਮਧ੍ਹ ਹਰਿ ਕੀਰਤਨਹ ॥** [ਮਃ ੫, ਗਾਥਾ ਅੰਗ ੧੩੬੦]

ਇਸੇ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ। ਜਿਨ੍ਹਾਂ ਘਰਾਂ ਵਿਚ ਪ੍ਰਮੇਸ਼ਰ ਅਤੇ ਪ੍ਰਮੇਸ਼ਰ ਦੇ ਸਾਧੂਆਂ ਦੀ ਸੇਵਾ ਨਹੀਂ, ਉਹ ਘਰ ਸ਼ਮਸ਼ਾਨ ਭੂਮੀ ਦੇ ਤੁਲ ਹਨ ਅਤੇ ਉਹਨਾਂ ਘਰਾਂ ਵਿਚ ਰਹਿਣ ਵਾਲੇ ਜੀਵ ਭੂਤਾਂ ਦੀ ਨਿਆਈਂ ਹਨ।

ਯਥਾ— **ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥**
**ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥** [ਸਲੋਕ ਕਬੀਰ ਜੀ ਅੰਗ ੧੩੭੪]

ਜਿਨ੍ਹਾਂ ਘਰਾਂ ਵਿਚ ਰਹਿਣ ਵਾਲੇ ਨਾਸਤਕ, ਜੀਵ ਪ੍ਰਭੂ ਤੋਂ ਵੇਮੁਖ, ਪਾਪ ਆਤਮਾ ਨਿਵਾਸ ਕਰਦੇ ਹਨ ਉਹ ਭਾਵੇਂ ਕਈ ਮੰਜਲੇ ਮਕਾਨ, ਕੋਠੀਆਂ, ਬੰਗਲੇ ਸੰਸਾਰਕ ਪੱਖ ਵਿਚ ਸੁੰਦਰ ਦਿਸਦੇ ਹਨ ਪਰ ਉਹਨਾਂ ਦੇ ਮੁਕਾਬਲੇ ਉਹ ਛੰਨ ਜੋ ਘਾਹ ਫੂਸ ਦੀ ਬਣੀ ਹੈ, ਦੋਨਾਂ ਦਾ ਮੁਕਾਬਲਾ ਕਰਕੇ ਕਬੀਰ ਸਾਹਿਬ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਇਹੋ ਜਿਹੇ ਮੰਦਰ ਅੱਗ ਲਾ ਕੇ ਫੂਕਣ ਯੋਗ ਹਨ ਜਿਥੇ ਪ੍ਰਭੂ ਦੇ ਨਾਮ ਦਾ ਵਾਸਾ ਨਹੀਂ ਹੈ।

ਯਥਾ— **ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ ॥**
**ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ॥**
[ਸਲੋਕ ਕਬੀਰ ਜੀ ਅੰਗ ੧੩੬੫]

ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਸਿਮਰਨ ਕਰਨ ਵਾਲੇ ਸੰਤਾਂ ਦੀ ਝੁੰਗੀਆ=ਛੰਨ: ਛੱਪਰੀ ਭਲੀ=ਚੰਗੀ ਹੈ ਤੇ ਕੁਸਤੀ=ਝੂਠੇ ਪੁਰਸ਼ਾਂ ਦਾ ਗਾਉ=ਨਗਰ ਭੱਠ ਦੀ ਨਿਆਈਂ ਹੈ ਜਿਸ ਵਿਚ ਕਾਮ ਕ੍ਰੋਧ ਦੀ ਅੱਗ ਮੱਚ ਰਹੀ ਹੈ ਉਹ ਧਉਲਰ ਅੱਗ ਲੱਗ ਕੇ ਸੜ ਜਾਣ ਜਿਥੇ ਨਾਮ ਨਹੀਂ ਜਪਿਆ ਜਾਂਦਾ।

PDF created with pdfFactory Pro trial version www.pdffactory.com

ਯਥਾ— **ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ ਸੇ ਅਸਥਲ ਸੋਇਨ ਚਉਬਾਰੇ ॥**
**ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥** [ਮਾਝ ਮਃ ੫, ਅੰਗ ੧੦੫]

ਸਤਿਗੁਰੂ ਜੀ ਫੁਰਮਾਨ ਕਰਦੇ ਹਨ "ਜਿਥੇ ਪ੍ਰਭੂ ਦੇ ਪਿਆਰੇ ਨਾਮ ਦਾ ਜਾਪ ਕਰਦੇ ਹਨ ਉਹ ਅਸਥਾਨ ਸੋਨੇ ਦੇ ਚਉਬਾਰਿਆਂ ਦੀ ਨਿਆਈਂ ਸੋਭਨੀਕ ਹੈ ਵਾ : ਸੋਭਨੀਕ ਚੁਬਾਰਿਆਂ ਦੀ ਨਿਆਈਂ ਹੈ। ਜਿਥੇ ਮੇਰੇ ਪ੍ਰਮੇਸ਼ਰ ਦਾ ਨਾਮ ਨਹੀਂ ਜਪਿਆ ਜਾਂਦਾ, ਉਹ ਵਸਦਾ ਹੋਇਆ ਨਗਰ ਵੀ ਉਜਾੜ ਦੀ ਨਿਆਈਂ ਹੈ।

ਯਥਾ— **ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥**
**ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥** [ਸਲੋਕ ਕਬੀਰ ਜੀ ਅੰਗ ੧੩੬੫]

ਕਬੀਰ ਸਾਹਿਬ ਜੀ ਦੇ ਕਥਨ ਅਨੁਸਾਰ ਸੰਸਾਰ ਦੀ ਸੰਘਣੀ ਵਸੋਂ ਵੀ ਉਜਾੜ ਹੈ ਜਿਥੇ ਵਾਹਿਗੁਰੂ ਦੇ ਪਿਆਰ ਵਾਲਾ ਕੋਈ ਪੁਰਸ਼ ਨਹੀਂ ਹੈ ਕਿਉਂਕਿ ਕਬੀਰ ਜੀ ਨੇ ਇਕ ਮੇਲੇ ਵਿਚ ਫਿਰਦਿਆਂ, ਜਿਸ ਵਿਚ ਅਨੇਕਾਂ ਸੰਸਾਰੀ ਕੌਤਕ ਹੋ ਰਹੇ ਸਨ ਉਸਨੂੰ ਉਜਾੜ ਦਾ ਦਰਜਾ ਦਿੱਤਾ ਹੈ।

ਅਰਥ ਦੂਜਾ :

## *ਜਿਤੁ ਪਾਰਬ੍ਰਹਮ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥*

ਜਿਸ ਹਿਰਦੇ ਰੂਪੀ ਘਰ ਵਿਚ ਪ੍ਰਮੇਸ਼ਰ ਚੇਤੇ ਆਇਆ ਹੈ ਉਸ ਦਾ ਹਿਰਦਾ ਰੂਪ ਘਰ ਦਯਿ=ਪ੍ਰੇਰਕ ਪ੍ਰਮੇਸ਼ਰ ਨੇ ਸੁਭ ਗੁਣ=ਸਤ ਸੰਤੋਖ ਆਦਿ ਨਾਲ ਵਸਾ ਦਿੱਤਾ ਹੈ। ਘਰ ਦਾ ਵਸਣਾ ਤੇ ਉਜੜਨਾ ਦੋ ਅਲੱਗ-ਅਲੱਗ ਘਟਨਾਵਾਂ ਹਨ। ਸੰਸਾਰ ਵਿਚ ਵਸਦੇ ਘਰਾਂ ਦੀ ਇੱਜ਼ਤ ਅਤੇ ਸ਼ਲਾਘਾ ਹੈ। ਜਦੋਂ ਕਿ ਉਜੜੇ ਘਰ ਦਾ ਅਪਮਾਨੁ ਅਪਜਸ ਤੇ ਨਿੰਦਾ ਕੀਤੀ ਜਾਂਦੀ ਹੈ। ਵਸਦੇ ਘਰ ਵਿਚ ਚਾਨਣਾ ਹੁੰਦਾ ਹੈ ਅਤੇ ਵੱਸਣ ਵਾਲਿਆਂ ਦੀ ਘਰ ਵਿਚ ਰੌਣਕ ਹੁੰਦੀ ਹੈ। ਵਸਦੇ ਘਰ ਵਿਚ ਆਇਆ ਮਹਿਮਾਨ ਭੁੱਖ ਦਾ ਦੁੱਖ ਅਤੇ ਥਕਾਨ ਲਾਹ ਕੇ ਸੁਖ ਪ੍ਰਾਪਤ ਕਰਦਾ ਹੈ ਜਦੋਂ ਕਿ ਉਜੜੇ ਘਰ ਵਿਚ ਨਾ ਤਾਂ ਭੁੱਖ ਦਾ ਦੁੱਖ ਅਤੇ ਨਾ ਹੀ ਥਕਾਨ ਲਾਹੁਣ ਦਾ ਕੋਈ ਸਾਧਨ ਹੁੰਦਾ ਹੈ। ਵਸਦੇ ਘਰ ਵਿਚ ਸਫਾਈ ਅਤੇ ਘਰ ਵਿਚ ਅਨੇਕਾਂ ਵਡਮੁੱਲੇ ਪਦਾਰਥ ਸੋਭਨੀਕ ਹੁੰਦੇ ਹਨ। ਵਸਦੇ ਘਰਾਂ ਦਾ ਕੂੜਾ ਵੀ ਉਜੜੇ ਘਰਾਂ ਵਿਚ ਸੁੱਟਿਆਂ ਜਾਂਦਾ ਹੈ। ਤੇ ਉਜੜਿਆ ਘਰ ਇੱਕ ਗੰਦਗੀ ਦਾ ਢੇਰ ਬਣਕੇ ਹੀ ਰਹਿ ਜਾਂਦਾ ਹੈ ਉਜੜੇ ਘਰ ਵਿਚ ਅਨੇਕਾਂ ਜੀਵ-ਕੁੱਤੇ, ਸੱਪ, ਠੂੰਹੇ ਆਦਿ ਨਿਵਾਸ ਕਰ ਲੈਂਦੇ ਹਨ। ਉਜੜੇ ਹੋਏ ਘਰ ਤੇ ਕਈ ਵਾਰ ਨਜਾਇਜ ਕਬਜਾ ਹੋ ਜਾਂਦਾ ਹੈ ਫਿਰ ਜਿਸਦੇ ਕਬਜੇ ਵਿੱਚ ਜਗ੍ਹਾ ਆ ਜਾਏ, ਉਹ ਛੱਡਣ ਨੂੰ ਤਿਆਰ ਨਹੀਂ ਹੁੰਦਾ ਤੇ ਲੜਾਈ-ਝਗੜਾ ਹੁੰਦਾ ਹੈ। ਇਸ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਘਰ ਉਜੜੇ ਨਾ, ਪਰ ਜੇ ਉਜੜ ਜਾਏ ਤਾਂ ਕਿਸੇ ਵੱਡੇ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ ਤੇ ਉਸਦਾ ਆਸਰਾ ਲੈਣਾ ਕਿ ਤੂੰ ਮੇਰੇ ਉਜੜੇ ਘਰ ਨੂੰ ਵਸਾਉਣਾ ਕਰ ਉਸਦੀ ਮੱਦਦ ਨਾਲ ਸ਼ਰੀਕਾਂ ਦਾ ਕਬਜਾ ਛੁਡਾ ਕੇ ਮੁੜ ਘਰ ਵਸਾਇਆ ਜਾਂਦਾ ਹੈ ਇਸੇ ਤਰ੍ਹਾਂ ਅੰਤਸ਼ਕਰਨ ਘਰ ਹੈ, ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਸਰੀਕਾਂ ਨੇ ਉਜਾੜ ਦਿੱਤਾ ਹੈ ਤੇ ਆਪਣਾ ਕਬਜਾ ਹਮੇਸ਼ਾਂ ਲਈ ਕਰ ਲਿਆ ਹੈ। ਅੰਤਸ਼ਕਰਨ ਵਿਚ ਆਸਾ-ਤ੍ਰਿਸ਼ਨਾ ਦੀਆਂ ਕੁੱਤੀਆਂ ਤੇ ਈਰਖਾ-ਦਵੈਸ਼ ਆਦਿ ਦੀਆਂ ਬਿੱਲੀਆਂ ਸੂ ਪਈਆਂ ਹਨ ਤੇ ਖੋਟੇ ਬਚਨ ਬੋਲਣ ਰੂਪ ਇਹਨਾਂ ਦੇ ਬੱਚੇ ਹਨ। ਕਾਮ ਵਾਸ਼ਨਾਵਾਂ ਰੂਪ ਸੱਪਨੀਆਂ ਪੈਦਾ ਹੋ ਗਈਆਂ ਹਨ। ਅੰਤਸ਼ਕਰਣ ਦੀ ਮੈਲ ਰੂਪ ਗੰਦਗੀ ਦਾ ਢੇਰ ਲੱਗਾ ਹੋਇਆ ਹੈ। ਉਸ ਉਜੜੇ ਮਕਾਨ ਵਿਚ :—

ਯਥਾ— **ਆਵਤ ਪਹੀਆ ਖੂਧੇ ਜਾਹਿ ॥** [ਗੋਂਡ ਕਬੀਰ ਜੀ ਅੰਗ ੮੭੨]

ਜਗਿਆਸੂ ਰੂਪ ਪਰਾਹੁਣੇ ਆਉਂਦੇ ਹਨ ਪਰ ਉਹਨਾਂ ਦੀ ਆਤਮਿਕ ਤ੍ਰਿਪਤੀ ਨਹੀਂ ਹੁੰਦੀ ਤੇ ਨਿਰਾਸ ਹੋ ਕੇ ਮੁੜਦੇ ਹਨ। ਉਜੜੇ ਅੰਤਸ਼ਕਰਣ ਰੂਪ ਘਰ ਵਾਲੇ ਕੋਲ ਜਗਿਆਸੂ ਸ਼ਾਂਤੀ ਰੂਪ ਨੀਂਦ ਦਾ ਸੁਖ ਲੈਣ ਲਈ

PDF created with pdfFactory Pro trial version www.pdffactory.com

ਆਉਂਦੇ ਹਨ ਪਰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ ਕਿਉਂਕਿ ਘਰ ਉਜੜਿਆ ਹੈ ਉਸਦਾ ਸਤਿਕਾਰ ਨਹੀਂ ਅਪਮਾਨ ਹੈ ਇਸ ਲਈ ਕਾਮ ਕ੍ਰੋਧ ਆਦਿ ਸ਼ਰੀਕਾਂ ਤੋਂ ਕਬਜਾ ਛੁਡਾਉਣ ਲਈ ਗੁਰੂ-ਬਖ਼ਸ਼ਿਸ਼ ਦਾ ਥਾਪੜਾ ਲੈ ਕੇ ਇਉਂ ਜਗਿਆਸੂ ਕਾਰਜ-ਸਿਧੀ ਕਰਦਾ ਹੈ।

ਯਥਾ— **ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥** [ਸਿਰੀਰਾਗੁ ਮਃ ੧, ੭੩]

**ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥** [ਸਿਰੀ ਰਾਗ ਮਃ ੧, ਅੰਗ ੭੪]

ਉਹ ਦੁਸ਼ਮਣ ਪ੍ਰਮੇਸ਼ਰ ਦੀ ਸ਼ਕਤੀ ਨਾਲ ਸੇਵਾ ਵਿਚ ਲੱਗ ਗਏ।

**ਸਗਲ ਦੂਤ ਮੇਰੀ ਸੇਵਾ ਲਾਏ ॥** [ਪ੍ਰਭਾਤੀ ਮਃ ੫, ਅੰਗ ੧੩੪੭]

ਤੇ ਗੁਰੂ ਦੀ ਕਿਰਪਾ ਨਾਲ

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**
**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥** [ਗਉੜੀ ਮਃ ੫, ਅੰਗ ੨੬੯]

ਇਸ ਸਭ ਕੁਝ ਦਾ ਮੁੱਢ ਕੇਵਲ ਪ੍ਰਮਾਤਮਾ ਦਾ ਚਿੰਤਨ ਹੈ। ਇਸ ਲਈ ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਅੰਤਸ਼ਕਰਣ ਵਿਚ ਉਸਦਾ ਸਿਮਰਨ ਤੇ ਚਿੰਤਨ ਹੈ ਉਹ ਅੰਤਸ਼ਕਰਣ ਰੂਪ ਘਰ ਕਰਤੇ ਪੁਰਖ ਨੇ ਸ਼ੁਭ ਗੁਣਾਂ ਦੇ ਨਾਲ ਵਸਾ ਦਿੱਤਾ ਹੈ ਤੇ ਘਰ ਗਿਆਨ ਦਾ ਪ੍ਰਕਾਸ਼ ਕੀਤਾ ਹੈ ਤੇ ਫਿਰ ਸਤ ਸੰਤੋਖ ਆਦਿ ਗੁਣਾਂ ਦੀ ਰੌਣਕ ਹੋ ਜਾਂਦੀ ਹੈ ਤੇ ਫਿਰ ਅੰਤਸ਼ਕਰਣ ਰੂਪ ਘਰ ਵਿਚੋਂ ਪਾਪਾਂ ਦੀ ਮੈਲ ਦੂਰ ਕਰਕੇ ਸਫਾਈ ਕੀਤੀ ਹੈ ਤੇ ਘਰ ਵਿਚ ਵੈਰਾਗ ਬਿਬੇਕ ਆਦਿ ਵਡਮੁੱਲੇ ਪਦਾਰਥ ਸ਼ੋਭਨੀਕ ਹੁੰਦੇ ਹਨ। ਇਸ ਤਰ੍ਹਾਂ ਕਰਤੇ ਪੁਰਖ ਨੇ ਉਜੜੇ ਅੰਤਸ਼ਕਰਣ ਰੂਪ ਘਰ ਨੂੰ ਵਸਾਇਆ ਹੈ।

## *ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥*

ਸੁਖਾਂ ਦਾ ਸਾਗਰੁ=ਸਮੁੰਦਰ ਜੋ ਗੁਰੂ ਹੈ ਜਦੋਂ ਉਸਨੂੰ ਪਾਇਆ=ਪ੍ਰਾਪਤ ਕੀਤਾ ਤਾਂ ਸਹਸਾ=ਸੰਸੇ, ਗਮ, ਫਿਕਰ ਸਗਲ=ਹਰ ਪ੍ਰਕਾਰ ਦੇ ਮਿਟਾਇਆ=ਮਿਟਾ ਦਿੱਤੇ। ਗੁਰੂ ਨੂੰ ਸਮੁੰਦਰ ਨਾਲ ਤੁਲਨਾ ਇਸ ਲਈ ਦਿੱਤੀ ਹੈ ਕਿ ਸਮੁੰਦਰ ਵਿਚ ਅਥਾਹ ਜਲ ਹੈ ਤੇ ਗੁਰੂ ਵਿਚ ਅਥਾਹ ਉਪਦੇਸ਼ ਵਾ : ਨਾਮ-ਜਲ ਹੈ ਤੇ ਸਮੁੰਦਰ ਵਿਚ ਅਨੇਕਾਂ ਪਰਤੱਖ ਰਤਨ ਹਨ ਤੇ ਗੁਰੂ ਵਿਚ ਅੰਤਰੀਵ ਰਤਨ ਹਨ।

ਯਥਾ— **ਗੁਰੁ ਸਾਗਰੁ ਰਤਨੀ ਭਰਪੂਰੇ ॥** [ਧਨਾਸਰੀ ਮਃ ੧, ਅੰਗ ੬੮੫]

## *ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥*

ਹਰਿ=ਹਰੀ ਵਾਹਿਗੁਰੂ ਦੇ ਨਾਮ ਦੀ ਵਡਿਆਈ ਕਰਨੀ, ਅੱਠੇ ਪਹਿਰ ਉਸਦੇ ਗੁਣ ਗਾਇਨ ਕਰਨੇ।

## *ਗੁਰ ਪੂਰੇ ਤੇ ਪਾਈ ॥ ਰਹਾਉ ॥*

ਇਹ ਦਾਤ ਪੂਰਿਆਂ ਗੁਰਾਂ ਤੋਂ ਪਾਈ=ਪ੍ਰਾਪਤ ਕੀਤੀ ਹੈ।

## *ਪ੍ਰਭ ਕੀ ਅਕਥ ਕਹਾਣੀ ॥*

ਉਸ ਪ੍ਰਭ=ਵਾਹਿਗੁਰੂ ਦੀ ਕਹਾਣੀ ਅਕਥ=ਕਥਨ ਤੋਂ ਬਾਹਰ ਹੈ।
**ਨੋਟ**—ਕਥਾ ਵੱਡੀ ਹੁੰਦੀ ਹੈ ਤੇ ਕਹਾਣੀ ਛੋਟੀ।

PDF created with pdfFactory Pro trial version www.pdffactory.com

ਯਥਾ— **੧. ਅਕਥੈ ਕਾ ਕਿਆ ਕਥੀਐ ਭਾਈ......** [ਸੋਰਠਿ ਮਃ ੧, ਅੰਗ ੬੩੫]

**੨. ਅਕਥਾ ਹਰਿ ਅਕਥ ਕਥਾ ਕਿਛੁ ਜਾਇ ਨ ਜਾਣੀ ਰਾਮ॥** [ਆਸਾ ਮਃ ੫, ਅੰਗ ੪੫੩]

ਵਾਹਿਗੁਰੂ ਨੂੰ ਅਕੱਥ ਇਸ ਲਈ ਕਿਹਾ ਹੈ ਕਿ ਉਹ ਕਥਨੀ ਦਾ ਵਿਸ਼ਾ ਨਹੀਂ ਹੈ ਤੇ ਮਨ ਬਾਣੀ ਸਰੀਰ ਤੋਂ ਪਰ੍ਹੇ ਹੋਣ ਕਰਕੇ ਉਸਨੂੰ ਅਕੱਥ ਕਿਹਾ ਹੈ।

## ਜਨ ਬੋਲਹਿ ਅੰਮ੍ਰਿਤ ਬਾਣੀ॥

ਜਨ=ਦਾਸ-ਸੇਵਕ-ਗੁਰਸਿੱਖ ਅੰਮ੍ਰਿਤ=ਮ੍ਰਿਤੂ ਤੋਂ ਰਹਿਤ ਕਰਨ ਵਾਲੀ ਬਾਣੀ=ਗੁਰਬਾਣੀ ਨੂੰ ਬੋਲਿਹ=ਬੋਲਦੇ ਹਨ ਭਾਵ ਗੁਰਬਾਣੀ ਦਾ ਜਾਪ ਕਰਦੇ ਹਨ। ਵਾ: ਪਾਠ ਕਰਦੇ ਹਨ।

ਸਤਿਗੁਰਾਂ ਦੇ ਕਥਨ ਅਨੁਸਾਰ:

**ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥**
**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥** [ਰਾਮਕਲੀ ਮਃ ੩, ਅੰਗ ੯੨੦]

## ਨਾਨਕ ਦਾਸ ਵਖਾਣੀ॥ ਗੁਰ ਪੂਰੇ ਤੇ ਜਾਣੀ॥੨॥੨॥੬੬॥

ਸਤਿਗੁਰੂ ਜੀ ਕਥਨ ਕਰਦੇ ਹਨ, ਮੈਂ ਦਾਸ ਨੇ ਜੋ ਉਸ ਵਾਹਿਗੁਰੂ ਦੀ ਸਿਫ਼ਤ ਦਾ ਵਖਿਆਨ ਕੀਤਾ ਹੈ ਇਹ ਵਖਿਆਨ ਦੀ ਗੱਲ ਪੂਰੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਤੋਂ ਜਾਣੀ ਹੈ ਕਿਉਂਕਿ ਅਧੂਰੇ ਗੁਰੂ ਤੋਂ ਮਿਲਣ ਵਾਲੀ ਵੀਚਾਰ ਵੀ ਅਧੂਰੀ ਹੁੰਦੀ ਹੈ; ਅਧੂਰੀ ਵੀਚਾਰ ਵਾਲਾ ਮਨੁੱਖ ਅਧੂਰਾ ਹੀ ਗਿਣਿਆ ਜਾਂਦਾ ਹੈ। ਵੀਚਾਰਕ ਪੱਖ ਤੋਂ ਪੂਰਾ ਹੋਣ ਲਈ ਬ੍ਰਹਮ ਵੀਚਾਰ ਵਿਚ ਪੂਰੇ ਗੁਰੂ ਤੋਂ ਪੂਰੀ=ਮੁਕੰਮਲ ਵੀਚਾਰ ਪ੍ਰਾਪਤ ਹੁੰਦੀ ਹੈ ਜਿਸਨੂੰ ਪ੍ਰਾਪਤ ਕਰਕੇ ਸਿੱਖ ਵੀਚਾਰ ਵਿੱਚ ਪੂਰਾ ਹੋ ਜਾਂਦਾ ਹੈ। ਪੂਰੇ ਗੁਰੂ ਦੀ ਪੂਰੀ ਵੀਚਾਰ ਪ੍ਰਾਪਤ ਕਰਕੇ ਗੁਰੂ ਅਤੇ ਸਿੱਖ ਦੀ ਅਭੇਦਤਾ ਹੋ ਜਾਂਦੀ ਹੈ ਇਸ ਲਈ ਸਿੱਖ ਨੂੰ ਪੂਰੇ ਗੁਰੂ ਤੋਂ ਮਿਲਿਆ ਉਪਦੇਸ਼ ਸਿੱਖ ਗੁਰੂ ਵਿੱਚ ਅਭੇਦ ਕਰ ਦਿੰਦਾ ਹੈ।

ਯਥਾ— **ਗੁਰੂ ਸਿਖੁ ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ॥** [ਆਸਾ ਮਃ ੪, ਅੰਗ ੪੪੪]

ਕਿਉਂਕਿ ਗੁਰੂ ਅਤੇ ਸਿੱਖ ਵਿਚ ਇੱਕੋ ਉਪਦੇਸ਼ ਚਲ ਰਿਹਾ ਹੈ ਇਸ ਲਈ ਅਭੇਦਤਾ ਦਰਸਾਈ ਹੈ, ਇਸ ਸ਼ਬਦ ਵਿਚ ਮੁੱਖ ਵਿਸ਼ਾ ਘਰ ਵਸਾਉਣ ਦਾ ਅਲੰਕਾਰ ਹੈ। ਅੰਤ੍ਰੀਵ ਘਰ ਅੰਤਸ਼ਕਰਨ ਕਿਹਾ ਹੈ; ਪਰਤੱਖ ਘਰ ਜਿਨ੍ਹਾਂ ਵਿਚ ਅਸੀਂ ਰਹਿ ਰਹੇ ਹਾਂ ਦੋਨਾਂ ਵਿਚ ਸਫਲਤਾ ਪ੍ਰਾਪਤ ਕਰਨ ਲਈ ਪ੍ਰਭੂ ਨਾਮ ਚਿੰਤਨ ਕਰਨ ਨਾਲ ਹੀ ਸਫਲਤਾ ਦੱਸੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੬੧ [ਆਦਿ ਅੰਗ ੬੨੭]

***ਸੋਰਠਿ ਮਹਲਾ ੫ ॥ ਅਪਨਾ ਗੁਰੁ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥ ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥ ਸੰਤਹੁ ਹਰਿ ਹਰਿ ਹਰਿ ਆਰਾਧਹੁ ॥ ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥ ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥ ਜਨ ਨਾਨਕ ਨਾਮੁ ਧਿਆਇਆ ॥ ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥***

**ਉਥਾਨਕਾ** :—ਇਹ ਅੰਮ੍ਰਿਤ ਬਚਨ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਗੁਰ ਅਰਜਨ ਦੇਵ ਜੀ ਦਾ ਸੋਰਠਿ ਰਾਗਣੀ ਵਿੱਚ ਉਚਾਰਨ ਕੀਤਾ ਹੋਇਆ ਹੈ ਜਿਨ੍ਹਾਂ ਨੂੰ ਬਚਪਨ ਵਿਚ ਹੀ ਨਾਨਾ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ 'ਦੋਹਿਥਾ ਬਾਣੀ ਦਾ ਬੋਹਿਥਾ' ਦਾ ਬਚਨ ਕੀਤਾ ਤੇ ਜਿਨ੍ਹਾਂ ਨੇ ਸੰਸਾਰ ਦੇ ਤਾਰਨ ਲਈ ਨਾਮ-ਬਾਣੀ ਦਾ ਜਹਾਜ਼ ਤਿਆਰ ਕੀਤਾ। ਵੱਖਰੇ-ਵੱਖਰੇ ਜਗਿਆਸੂ-ਜਨਾਂ ਦੇ ਸੰਸੇ ਨਵਿਰਤੀ ਵਾਸਤੇ ਸਮੇਂ-ਸਮੇਂ ਅਨੁਸਾਰ ਧੁਰ ਕੀ ਬਾਣੀ ਦਾ ਉਚਾਰਨ ਕਰਦੇ ਰਹੇ। ਸਿੱਖਿਆ ਭਾਵੇਂ ਇਕ ਦੇ ਪ੍ਰਥਾਇ ਉਚਾਰੀ ਪਰ ਉਸ ਵਿਚ ਸਾਂਝ ਸਾਰੇ ਸੰਸਾਰ ਦੇ ਜੀਵਾਂ ਦੀ ਹੈ।

ਯਥਾ— **ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**

[ਸੋਰਠਿ ਕੀ ਵਾਰ ਮਃ ੩, ਅੰਗ ੬੪੭]

ਬ੍ਰਹਮ-ਬੇਤਿਆਂ ਦਾ ਇਹ ਸੁਭਾਵ ਹੁੰਦਾ ਹੈ ਕਿ ਸੰਸਾਰੀ ਗੱਲਾਂ ਕਰਨ ਵਾਲਿਆਂ ਨੂੰ ਭੀ ਬ੍ਰਹਮ ਵੀਚਾਰ ਵਿਚ ਪਰਚਾ ਲੈਂਦੇ ਹਨ ਜਿਸ ਕਰਕੇ ਸੰਸਾਰੀਆਂ ਦਾ ਭੀ ਭਲਾ ਹੋ ਜਾਂਦਾ ਹੈ। ਸਤਿਗੁਰੂ ਸਾਹਿਬ ਜੀ ਗਿਆਨ ਦਾ ਭੰਡਾਰ ਹਨ।

ਯਥਾ— **ਜੇਤਾ ਬੋਲਣੁ ਤੇਤਾ ਗਿਆਨੈ ॥** [ਗਉੜੀ ਮਃ ੫, ਅੰਗ ੨੩੬]

ਉਹ ਜੋ ਕੁਝ ਵੀ ਬੋਲਦੇ ਹਨ ਉਸ ਵਿਚ ਗਿਆਨ ਦੀ ਤਾਸੀਰ ਹੁੰਦੀ ਹੈ। ਇਸ ਸ਼ਬਦ ਵਿਚ ਪੁੱਛਣ ਵਾਲੇ ਨੇ ਭਾਵੇਂ ਗੱਲ ਸੰਸਾਰੀ ਪੁੱਛੀ ਹੈ ਪਰ ਇਸਦਾ ਉੱਤਰ ਪ੍ਰਮਾਰਥੀ ਹੈ ਜਿਸਦਾ ਸੰਬੰਧ ਦੋ ਪੱਖਾਂ ਵਿਚ ਜੁੜਦਾ ਹੈ। ਇਕ ਤਾਂ ਕੀਤੇ ਸੰਸਾਰੀ ਪ੍ਰਸ਼ਨ ਦਾ ਜਵਾਬ, ਦੂਜਾ ਅੰਤਰੀਵ, ਜਗਿਆਸੂ ਪ੍ਰਥਾਇ। ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਡਾਲੀ ਨਗਰ ਵਿਚ ਨਿਵਾਸ ਕੀਤਾ। ਬਾਬਾ ਬੁੱਢਾ ਸਾਹਿਬ ਜੋ ਪੂਰਨ ਗੁਰਸਿੱਖ ਤੇ ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਵਰ ਪ੍ਰਾਪਤ ਸਨ ਜੋ ਛੇ ਗੁਰੂਆਂ ਤੱਕ ਤਿਲਕ ਦਿੰਦੇ ਰਹੇ। ਉਹਨਾਂ ਦੇ ਕੀਤੇ ਗੁਰੂ ਕੇ ਮਹਿਲ ਮਾਤਾ ਗੰਗਾ ਜੀ ਨੂੰ ਦੋ ਬਚਨ ਇਕ ਗੁਰੂ ਕਿਆਂ ਨੂੰ ਭਾਜੜ ਪੈਣ ਦਾ ਅਤੇ ਦੂਜਾ ਦਲ ਭੰਜਨ ਗੁਰ ਸੂਰਮੇ ਦੇ ਪ੍ਰਗਟ ਹੋਣ ਦਾ। ਇਹਨਾਂ ਵਿਚੋਂ ਪਹਿਲਾ ਬਚਨ ਪੂਰਾ ਕਰਨ ਲਈ ਬਡਾਲੀ ਨਗਰ ਵਿਚ ਤਿੰਨ ਸਾਲ ਨਿਵਾਸ ਕੀਤਾ ਅਤੇ ਇਥੇ ਹੀ ਗੁਰੂ ਅਰਜਨ ਸਾਹਿਬ ਦੇ ਘਰ ਸਾਹਿਬਜਾਦੇ ਰੂਪ ਵਿਚ ਗੁਰੂ ਹਰਗੋਬਿੰਦ ਸਾਹਿਬ ਦਾ ਅਵਤਾਰ ਹੋਇਆ। ਪ੍ਰਿਥੀ ਚੰਦ ਦੀ ਈਰਖਾ ਦੀ ਅੱਗ ਦਾ ਸੇਕ ਗੁਰੂ-ਪ੍ਰਵਾਰ ਨੂੰ ਪਹੁੰਚਣ ਲੱਗਾ। ਤਿੰਨ ਵੱਡੇ ਹਮਲੇ ਪ੍ਰਿਥੀ ਚੰਦ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਮਾਰਨ ਲਈ ਕੀਤੇ। ਪਹਿਲਾ ਹਮਲਾ ਪੈਸੇ ਦਾ ਲਾਲਚ ਦੇ ਕੇ ਅਸਥਨਾਂ ਨੂੰ ਜਹਿਰ ਲੁਆ ਕੇ ਦੁੱਧ ਪੀਆਉਣ ਦੇ ਬਹਾਨੇ ਦਾਈ ਸਾਹਿਬਜ਼ਾਦੇ ਨੂੰ ਮਾਰਨ ਲਈ ਭੇਜੀ ਜਿਸਦਾ ਉਧਾਰ ਭਗਵਾਨ ਕ੍ਰਿਸ਼ਨ ਦੀ ਤਰ੍ਹਾਂ ਸਹਿਬਜ਼ਾਦੇ ਨੇ ਆਪਣੇ ਹੱਥੀਂ ਕੀਤਾ। ਦੂਜਾ ਹਮਲਾ ਇਕ ਸਪੇਰੇ ਨੂੰ ਕਹਿ ਕੇ ਕਾਲਾ ਨਾਗ ਸਹਿਬਜ਼ਾਦੇ ਨੂੰ ਡੰਗਣ ਲਈ ਛੱਡਿਆ। ਬਜਾਇ ਇਸਦੇ ਕਿ ਸਾਹਿਬਜ਼ਾਦੇ ਨੂੰ ਸੱਪ ਮਾਰਦਾ, ਉਲਟਾ ਸਾਹਿਬਜ਼ਾਦੇ ਨੇ ਸੱਪ ਨੂੰ ਮਾਰ ਕੇ ਉਸਦਾ ਉਧਾਰ ਕੀਤਾ। ਪ੍ਰਿਥੀ ਚੰਦ ਲਈ ਇਹ ਦੋਵੇਂ ਗੱਲਾਂ ਬੜੀਆਂ ਅਸਹਿ ਸਨ ਕਿ ਇਤਨੇ ਵੱਡੇ ਮਾਰੂ ਹਮਲੇ, ਤੇ ਦੋਵੇਂ ਵਾਰ ਸਾਹਿਬਜ਼ਾਦੇ ਦਾ ਬਚਣਾ! ਤੀਸਰੀ ਵਾਰ ਰਸੋਈਏ ਬ੍ਰਾਹਮਣ ਨੂੰ ਲਾਲਚ ਦੇ ਕੇ ਦਹੀਂ ਵਿਚ ਜ਼ਹਿਰ ਪੁਆਈ। ਜਦੋਂ ਧੱਕੇ ਨਾਲ ਬ੍ਰਾਹਮਣ ਦਹੀਂ ਸਾਹਿਬਜ਼ਾਦੇ ਦੇ ਮੂੰਹ ਵਿਚ ਪਾਉਣ ਲੱਗਾ ਤਾਂ

PDF created with pdfFactory Pro trial version www.pdffactory.com

ਸਾਹਿਬਜ਼ਾਦੇ ਨੇ ਮਾਤਾ ਦਾ ਖਿਆਲ ਆਪਣੇ ਵੱਲ ਖਿੱਚਣ ਲਈ ਚੀਕ ਮਾਰੀ। ਮਾਤਾ ਦਹੀਂ ਤੇ ਬ੍ਰਾਹਮਣ ਨੂੰ ਲੈ ਕੇ ਗੁਰੂ ਦੀ ਹਜ਼ੂਰੀ ਵਿਚ ਪਹੁੰਚੀ। ਦਹੀਂ ਕੁੱਤੇ ਨੂੰ ਖਵਾ ਕੇ ਗੁਰੂ ਅਰਜਨ ਸਾਹਿਬ ਨੇ ਦਹੀਂ ਦੀ ਪਰਖਨਾ ਕੀਤੀ ਤੇ ਉਚਾਰਨ ਕੀਤਾ :

ਯਥਾ— **ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥**

[ਭੈਰਉ ਮਃ ੫, ਅੰਗ ੧੧੩੭]

ਦੇ ਮਹਾਂਵਾਕ ਅਨੁਸਾਰ ਇਹਨਾਂ ਤਿੰਨੇ ਘਟਨਾਵਾਂ ਵਿਚ ਪ੍ਰਿਥੀ ਚੰਦ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਜਦੋਂ ਆਪ ਸ਼ਾਹਿਬਜ਼ਾਦੇ ਨੂੰ ਨਾਲ ਲੈ ਕੇ—

**ਹਰਿ ਗੋਵਿਦੁ ਪ੍ਰਭਿ ਰਾਖਿਆ ॥** [ਸੋਰਠਿ ਮਃ ੫, ਅੰਗ ੬੨੬]

**ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥** [ਸੋਰਠਿ ਮਃ ੫, ਅੰਗ ੬੨੩]

ਦੇ ਮਹਾਂਵਾਕਾਂ ਅਨੁਸਾਰ—

ਸਹੀ ਸਲਾਮਤ ਪਰਿਵਾਰ ਸਮੇਤ ਅੰਮ੍ਰਿਤਸਰ ਸਾਹਿਬ ਆਏ ਤਾਂ ਸਿੱਖਾਂ ਨੇ ਗੁਰੂ ਜੀ ਨੂੰ ਸੁਖ-ਆਨੰਦ ਪੁੱਛੀ ਤਾਂ ਸਤਿਗੁਰਾਂ ਨੇ ਵੱਡੇ ਗੁਰੂਆਂ ਦਾ ਧੰਨਵਾਦ ਕਰਕੇ ਹੋਏ ਇਹ ਸ਼ਬਦ ਉਚਾਰਨ ਕੀਤਾ—

## *ਅਪਨਾ ਗੁਰੁ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥*

ਆਪਣੇ ਗੁਰੂ ਅਕਾਲ ਪੁਰਖ ਦੇ ਤਾਈਂ ਧਿਆਉਂਦੇ ਹੋਏ ਮਿਲਿ=ਮਿਲ ਕੇ ਪਰਿਵਾਰ ਸਹਿਤ ਵਾ: ਸਾਹਿਬਜ਼ਾਦੇ ਹਰਿਗੋਬਿੰਦ ਸਾਹਿਬ ਨਾਲ ਮਿਲ ਕੇ ਕੁਸਲ=ਸੁਖ ਦੇ ਨਾਲ ਘਰਿ=ਗੁਰੂ ਦੇ ਮਹਿਲ ਅੰਮ੍ਰਿਤਸਰ ਸਾਹਿਬ ਆਏ=ਆ ਗਏ ਹਾਂ। ਸੋ ਇਸ ਸ਼ਬਦ ਦੇ ਉਪਦੇਸ਼ ਦੁਆਰਾ ਸਿੱਖ ਨੂੰ ਆਪਣਾ ਗੁਰੂ ਧਿਆਉਣ ਦੇ ਰਸਤੇ ਪਾ ਰਹੇ ਹਨ ਕਿ ਸਿੱਖ ਕੇਵਲ ਆਪਣੇ ਗੁਰੂ ਨੂੰ ਹੀ ਧਿਆਉਣਾ ਕਰੇ; ਹੋਰ ਦੇਵੀ ਦੇਵਤਿਆਂ ਨੂੰ ਪੂਜਣ, ਮੰਨਣ ਦੇ ਚੱਕਰ ਵਿਚ ਨਾ ਫਸੇ। ਜਿਹੜੇ ਆਪਣੇ ਗੁਰੂ ਦਾ ਧਿਆਨ ਧਰਨਗੇ ਉਹ ਪਰਤੱਖ ਵੀ ਸੰਸਾਰੀ ਘਰਾਂ ਵਿਚ ਦੁੱਖਾਂ ਤੋਂ ਛੁਟ ਜਾਣਗੇ ਅਤੇ ਕੁਸਲ=ਸੁਖ-ਅਨੰਦ ਦੇ ਸੇਤੀ=ਨਾਲ ਘਰ ਆਏ=ਭਾਵ ਜੇ ਪਰਦੇਸ ਵਿਚ ਗਏ ਹਨ ਤਾਂ ਸੁਖ-ਅਨੰਦ ਨਾਲ ਘਰ ਵਾਪਸ ਆਉਣਗੇ ਕਿਉਂਕਿ ਕਿਸੇ ਵੀ ਕਾਰਜ ਲਈ ਘਰ ਤੋਂ ਗਏ ਮਨੁੱਖ ਦੀ ਇਹ ਕਾਮਨਾ ਹੁੰਦੀ ਹੈ ਕਿ ਮੈਂ ਸੁਖ-ਅਨੰਦ ਨਾਲ ਘਰ ਪਹੁੰਚ ਜਾਵਾਂ ਅਤੇ ਮੇਰੇ ਮਾਰਗ ਵਿਚ ਕੋਈ ਰੁਕਾਵਟ ਨਾ ਆਵੇ। ਮਾਰਗ ਦੀਆਂ ਰੁਕਾਵਟਾਂ ਅਤੇ ਵਿਘਨਾਂ ਨੂੰ ਚੁੱਕਣ ਵਾਸਤੇ ਸਤਿਗੁਰੂ ਜੀ ਨਾਮ ਦੀ ਟੇਕ ਦਸਦੇ ਹਨ।

ਯਥਾ— **ਮਾਰਗਿ ਚਲਤ ਹਰੇ ਹਰਿ ਗਾਈਐ ॥** [ਆਸਾ ਮਃ ੫, ਅੰਗ ੩੯੬]

ਕਿ ਰਸਤੇ ਜਾਂਦਿਆਂ ਉਸ ਵਾਹਿਗੁਰੂ ਪ੍ਰਮੇਸ਼ਰ ਦਾ ਚਿੰਤਨ ਕਰਦੇ ਜਾਉ ਕਿਉਂਕਿ ਵਿਘਨਾਂ ਦਾ ਨਾਸ ਕਰਨ ਵਾਲੀ ਸ਼ਕਤੀ ਨਾਮ ਹੀ ਹੈ। ਇਸੇ ਲਈ ਸਤਿਗੁਰੂ ਜੀ ਨਾਮ ਦ੍ਰਿੜ੍ਹ ਕਰਾਉਂਦਿਆਂ ਵਿਘਨਾਂ ਦਾ ਨਾਸ ਕਰਨ ਲਈ ਉਚਾਰਨ ਕਰਦੇ ਹਨ।

ਯਥਾ— **ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥**
**ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥** [ਸੋਰਠਿ ਮਃ ੫, ਅੰਗ ੬੨੨]

ਹੁਣ ਅੰਤਰੀਵ ਭਾਵ ਜੋ ਸਿੱਖ ਪ੍ਰਤੀ ਹੈ :

## *ਅਪਨਾ ਗੁਰੁ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥*

ਹਜ਼ੂਰ ਪਾਤਿਸ਼ਾਹ ਦਸਦੇ ਹਨ ਕਿ ਹੇ ਸਿੱਖ ! ਆਪਣਾ ਗੁਰੂ ਸ਼ਬਦ ਹੈ; ਉਸ ਦੁਆਰਾ ਵਾਹਿਗੁਰੂ ਨੂੰ ਧਿਆਉਣਾ

PDF created with pdfFactory Pro trial version www.pdffactory.com

ਕਰ ਜਿਸ ਕਰਕੇ ਕੁਸਲ, ਸੁਖ ਅਨੰਦ ਨਾਲ ਸਰੂਪ ਰੂਪੀ ਘਰ ਵਿਚ ਆ ਜਾਈਦਾ ਹੈ ਵਾ :—ਆਪਣੇ ਗੁਰੂ, ਗੁਰੂ ਨਾਨਕ ਦੀ ਗੱਦੀ 'ਤੇ ਬਿਰਾਜਣ ਵਾਲੇ ਪੂਰੇ ਗੁਰੂ ਨੂੰ ਧਿਆ ਕੇ ਸੱਚਖੰਡ ਰੂਪੀ ਘਰ ਵਿਚ ਸੁਖ-ਅਨੰਦ ਨਾਲ ਆਏ= ਆ ਜਾਈਦਾ ਹੈ ਵਾ :—ਜਿਨ੍ਹਾਂ ਨੇ ਪੂਰੇ ਗੁਰੂ ਦੁਆਰਾ ਅਕਾਲ ਪੁਰਖ ਨੂੰ ਧਿਆਇਆ ਹੈ ਉਹ ਸੱਚਖੰਡ ਰੂਪੀ ਘਰ ਵਿਚ ਆਏ ਹਨ। ਸਿੱਖ ਨੂੰ ਹਮੇਸ਼ਾਂ ਅਜਿਹੇ ਲੋਕਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਜਿਨ੍ਹਾਂ ਦੀ ਬਾਬਤ ਫੁਰਮਾਇਆ ਹੈ।

ਯਥਾ— **ਮੋਰੋ ਈ ਧਯਾਨ ਧਰੋ ਨਿਸੁ ਬਾਸਰੁ ਭੂਲ ਕੈ ਅਉਰ ਕੋ ਨਾਮੁ ਨ ਲੀਜੈ॥** [ਦਸਮ ਅੰਗ ੭੧੫]

ਇਹੋ ਜਿਹੇ ਪਾਖੰਡ ਕਰਨ ਵਾਲੇ ਲੋਕ ਸਿੱਖ ਦੀ ਕੀ ਰਖਿਆ ਕਰ ਸਕਦੇ ਹਨ ? ਅੰਤ ਸਮੇਂ ਜਮਾਂ ਦੀ ਫਾਹੀ ਉਹਨਾਂ ਦੇ ਗਲ ਵਿਚ ਪੈ ਜਾਏਗੀ।

**ਗ੍ਰਿਹ ਗ੍ਰਿਹ ਜੋਹਤ ਗੁਰੂ ਸਦਾਵਤ ਅੰਤ ਕਾਲਿ ਯਮ ਫਾਸ ਫਹਾਹੀਂ॥** [ਸਰਬ ਲੋਹ ਪ੍ਰਕਾਸ਼]

## ਸਾਖੀ ਸਾਵਣ ਸਿੰਘ

ਸਾਵਣ ਸਿੰਘ ਦੇ ਕੋਲ ਭਾਈ ਰਣਧੀਰ ਸਿੰਘ ਜੀ ਕਿਤੇ ਅਚਾਨਕ ਸੰਗਤ ਦੇ ਕੁਝ ਸਰੀਰਾਂ ਦੇ ਕਹਿਣ ਤੋਂ ਇਕੱਠੇ ਹੋ ਬੈਠੇ। ਸਾਵਣ ਸਿੰਘ ਭਾਈ ਸਾਹਿਬ 'ਤੇ ਪ੍ਰਭਾਵ ਪਾਉਣ ਲਈ ਆਪਣੀ ਬਨਾਉਟੀ ਮਹਾਨਤਾ ਪ੍ਰਗਟ ਕਰਨ ਲੱਗੇ। ਸਾਵਣ ਸਿੰਘ ਨੇ ਕਿਹਾ ਕਿ ਜਿਵੇਂ ਖਜੂਰ ਦੇ ਬਿਰਛ ਨੂੰ ਅਣਗਿਣਤ ਖਜੂਰਾਂ ਲੱਗੀਆਂ ਦਿਸਦੀਆਂ ਹਨ ਮੈਨੂੰ ਇਸੇ ਤਰ੍ਹਾਂ ਬੇਅੰਤ ਸੂਰਜ ਦਿਸਦੇ ਹਨ ਜਿਨ੍ਹਾਂ ਦਾ ਬਹੁਤ ਪ੍ਰਕਾਸ਼ ਹੈ। ਭਾਈ ਰਣਧੀਰ ਸਿੰਘ ਜੀ ਨੇ ਸਾਵਣ ਸਿੰਘ ਦੇ ਗੱਲ ਕਰਦੇ-ਕਰਦੇ ਜਦੋਂ ਸਾਵਣ ਸਿੰਘ ਬੇ-ਧਿਆਨ ਹੋਏ ਤਾਂ ਭਾਈ ਸਾਹਿਬ ਨੇ ਉਸਦੀ ਕੋਲ ਪਈ ਘੜੀ ਚੁੱਕ ਕੇ ਬਿਸਤਰੇ ਹੇਠ ਰੱਖ ਦਿੱਤੀ। ਜਦੋਂ ਸੇਵਾਦਾਰ ਨੇ ਪ੍ਰਸ਼ਾਦੇ ਲਈ ਬੇਨਤੀ ਕੀਤੀ ਤਾਂ ਸਾਵਣ ਸਿੰਘ ਨੇ ਕਿਹਾ ਕਿ ਪਹਿਲਾਂ ਟਾਈਮ ਦੇਖੋ ਕੀ ਹੋਇਆ ਹੈ ? ਜਦੋਂ ਟਾਈਮ ਵੇਖਣ ਲਈ ਘੜੀ ਚੁੱਕਣ ਲੱਗਾ ਤਾਂ ਘੜੀ ਉਥੇ ਹੈ ਨਹੀਂ ਸੀ ਤਾਂ ਬੜੀ ਘਬਰਾਹਟ ਵਿਚ ਆ ਕੇ ਕਹਿਣ ਲੱਗਾ "ਘੜੀ ਕਿੱਥੇ ਗਈ ? ਲੱਭਣਾ ਕਰੋ" ਤਾਂ ਭਾਈ ਰਣਧੀਰ ਸਿੰਘ ਜੀ ਨੇ ਕਿਹਾ, " ਬਾਬਾ ਸਾਵਣ ਸਿੰਘ ਜੀ ! ਇਹ ਤਾਂ ਵਿਚਾਰੇ ਅਨਜਾਣ ਹਨ, ਤੁਹਾਨੂੰ ਤਾਂ ਤਿੰਨਾਂ ਲੋਕਾਂ ਦੇ ਸੂਰਜਾਂ ਦਾ ਪ੍ਰਕਾਸ਼ ਖਜੂਰਾਂ ਦੀ ਤਰ੍ਹਾਂ ਦਿਸਦਾ ਹੈ ! ਹੁਣ ਤੁਸੀਂ ਹੀ ਦੇਖੋ ਘੜੀ ਕਿਥੇ ਹੈ ?" ਘੜੀ ਨਾ ਲੱਭੀ ਤਾਂ ਅਖੀਰ ਭਾਈ ਸਾਹਿਬ ਨੇ ਦੱਸਿਆ ਕਿ ਘੜੀ ਮੈਂ ਲਕੋਈ ਸੀ। ਸਾਵਣ ਸਿੰਘ ਬਹੁਤ ਸ਼ਰਮਸਾਰ ਹੋਇਆ। ਇਸੇ ਤਰ੍ਹਾਂ ਸਾਵਣ ਸਿੰਘ ਦਾ ਇਕ ਸੇਵਕ ਆਪਣੇ ਲੜਕੇ ਨੂੰ ਵਿਆਹ ਕੇ ਨੂੰਹ ਸਮੇਤ ਦਰਸ਼ਨ ਕਰਨ ਲਈ ਆਇਆ ਤੇ ਨੂੰਹ ਨੂੰ ਕਹਿਣ ਲੱਗਾ, "ਬੇਟੀ ! ਮਹਾਰਾਜ ਜੀ ਨੂੰ ਮੱਥਾ ਟੇਕ ਤੇ ਇਹਨਾਂ ਤੋਂ ਨਾਮ ਪ੍ਰਾਪਤ ਕਰ; ਇਹ ਨਾਮ ਦਾਤੇ ਹਨ। ਲੜਕੀ ਤਾਂ ਨਾ ਬੋਲੀ ਕਿਉਂਕਿ ਸਿਆਣੀ ਸੀ ! ਉਸਨੇ ਆਪਣੇ ਸਹੁਰੇ ਦੇ ਸਤਿਕਾਰ ਨੂੰ ਮੁੱਖ ਰਖਿਆ ਪਰ ਸਾਵਣ ਸਿੰਘ ਬੋਲ ਪਿਆ, "ਬੀਬੀ ! ਤਨ ਮਨ ਧਨ ਤਿੰਨੇ ਚੀਜ਼ਾਂ ਮੈਨੂੰ ਦੇਹ, ਫਿਰ ਮੈਂ ਤੈਨੂੰ ਨਾਮ ਦਿਆਂ !" ਤਾਂ ਬੀਬੀ ਨੇ ਕਿਹਾ, "ਬਾਬਾ ! ਤਨ ਤਾਂ ਮੇਰੇ ਪਤੀ ਦਾ ਹੋ ਚੁੱਕਾ ਹੈ ਜਿਸ ਨਾਲ ਮੈਂ ਲਾਵਾਂ ਲਈਆਂ ਹਨ। ਧਨ ਮੇਰੇ ਪੇਕਿਆਂ ਨੇ ਦਿੱਤਾ ਹੀ ਨਹੀਂ ਤੇ ਸਹੁਰੇ ਘਰ ਦੇ ਧਨ 'ਤੇ ਮੇਰੇ ਇਕੱਲੀ ਦਾ ਕੋਈ ਅਧਿਕਾਰ ਨਹੀਂ। ਬਾਕੀ ਰਹੀ ਗੱਲ ਮੇਰੇ ਮਨ ਦੀ ਜੇ ਤੁਹਾਡੇ ਵਿਚ ਸ਼ਕਤੀ ਹੈ ਤੇ ਮੇਰੇ ਮਨ ਨੂੰ ਤੁਸੀਂ ਆਪਣੇ ਵਸ ਵਿਚ ਕਰ ਲਵੋ।" ਇਹ ਸੁਣ ਕੇ ਸਾਵਣ ਸਿੰਘ ਅੱਗ ਵਰੋਲਾ ਹੋਇਆ ਕਹਿਣ ਲੱਗਾ ?" "ਇਸਨੂੰ ਮੇਰੀਆਂ ਅੱਖਾਂ ਤੋਂ ਪਰ੍ਹੇ ਲੈ ਜਾਵੋ, ਇਹ ਸਿੰਘ ਸਭੀਆਂ ਦੀ ਕੁੜੀ ਹੈ ! ਇਥੇ ਇਸਨੂੰ ਕਾਹਦੇ ਵਾਸਤੇ ਲਿਆਏ ਹੋ ?" ਉਹ ਬੀਬੀ ਕਹਿਣ ਲੱਗੀ, "ਬਾਬਾ ! ਗੁੱਸੇ ਕਿਉਂ ਹੁੰਦਾ ਹੈਂ, ਇਹ ਸਭ ਮੇਰੇ ਸਹੁਰਿਆਂ ਦਾ ਕਸੂਰ ਹੈ ਜੋ ਤੇਰੇ ਪਾਖੰਡ ਜਾਲ ਵਿਚ ਫਸੇ ਹਨ; ਮੈਂ ਐਸੇ ਬਾਪ ਦੀ ਬੇਟੀ ਹਾਂ ਜਿਸਨੇ ਮੈਨੂੰ ਬਚਪਨ ਤੋਂ ਇਹ ਸਬਕ ਪੜ੍ਹਾਇਆ ਹੈ ਕਿ :—

PDF created with pdfFactory Pro trial version www.pdffactory.com

**੧. ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥**

**੨. ਗੁਰੂ ਦੀ ਜੇ ਲੋੜ ਹੋਵੇ, ਗੁਰੂ ਭੀ ਅਜਿਹਾ ਹੋਵੇ,**
**ਜੈਸੇ ਦਸਮੇਸ਼ ਮਾਤਾ, ਗੁਜਰੀ ਦੇ ਲਾਲ ਜੀ ॥**
**ਵਾਰ ਪ੍ਰਵਾਰ ਚਾਰੇ ਬੱਚਿਆਂ ਕੁਹਾਇ ਦੇਵੇ**
**ਦੇਸ਼ ਕੌਮ ਵਾਸਤੇ ਕੁਰਬਾਨ ਬਾਲ ਬਾਲ ਜੀ ॥**
**ਅੰਮ੍ਰਿਤ ਦਾ ਸੋਮਾ ਹੋਵੇ, ਤਪਦਿਆਂ ਨੂੰ ਠਾਰ ਦੇਵੇ,**
**ਸੰਤਾਂ ਦਾ ਸਹਾਈ ਤੇ ਪਿਆਰਿਆਂ ਦੀ ਢਾਲ ਜੀ ॥**
**ਸਾਰੀ ਰਾਤ ਪਹਿਰਾ ਦੇਵੇ, ਆਪ ਚੌਂਕੀਦਾਰ ਹੋ ਕੇ,**
**ਪਾਪ ਅੱਗ ਵਿਚੋਂ ਲਵੇ ਸਿੱਖ ਨੂੰ ਨਿਕਾਲ ਜੀ ॥**
[ਸ੍ਰੀ ਗੁਰਮੁਖ ਪ੍ਰਕਾਸ਼, ਅਧਿਆਇ ਸੰਤਾਲੀਵਾਂ, ਪੰਨਾ ੫੪੪]

## *ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥*

ਜੋ ਵਾਹਿਗੁਰੂ ਦੇ ਨਾਮ ਦੀ ਵਡਿਆਈ=ਉਪਮਾ ਹੈ ਉਸਦੀ ਕੀਮਤਿ=ਮੁੱਲ ਭਾਵ ਜਿਤਨੀਆਂ ਸਿਫਤਾਂ ਦਾ ਮਾਲਕ ਨਾਮ ਹੈ ਉਸਦੀ ਉਪਮਾ ਰੂਪ ਕੀਮਤ ਕਹਣੁ=ਕਥਨ ਨਹੀਂ ਕੀਤੀ ਜਾ ਸਕਦੀ। ਇਸਦੇ ਉਤੇ ਕਈ ਸਾਖੀ ਪ੍ਰਮਾਣ ਹਨ।

ਸਾਖੀ—ਇਕ ਸ਼ਾਹੂਕਾਰ ਦੀ ਕਿ ਗੁੱਸੇ ਨਾਲ ਗਾਲ ਕੱਢ ਕੇ ਨਾਮ ਕਿਹਾ ਸੀ

**ਤੁਲਸੀ ਰਘੁਬਰ ਨਾਮ ਕੋ ਰੀਝ ਜਪੈ ਕੋਊ ਖੀਝ ॥** [ਤੁਲਸੀ ਜੀ]

ਗਾਲ ਕੱਢ ਕੇ ਲਏ ਨਾਮ ਦਾ ਧਰਮ ਰਾਜ ਤੋਂ ਮੁੱਲ ਮੰਗਿਆ ਸੀ ਪਰ ਸਾਈਂ ਦਾ ਨਾਮ ਅਮੋਲ ਹੋਣ ਕਰਕੇ ਕੋਈ ਮੁੱਲ ਧਰਮਰਾਜ ਦੇ ਨਹੀਂ ਸਕਿਆ।

**੧. ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥** [ਸਿਰੀਰਾਗੁ ਮਃ ੫, ਅੰਗ ੮੧]

**੨. ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥** [ਗਉੜੀ ਮਃ ੫, ਅੰਗ ੨੬੫]

**੩. ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥**
[ਗਉੜੀ ਮਃ ੫, ਅੰਗ ੨੬੫]

**੪. ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ ॥**
[ਭਾਈ ਗੁਰਦਾਸ ਜੀ ਵਾਰ ੧੦ ਪਉੜੀ ੫]

ਭਗਵਾਨ ਕ੍ਰਿਸ਼ਨ ਦਾ ਪੱਲੜਾ ਉਚਾ ਰਿਹਾ ਤੇ ਨਾਮ ਵਾਲਾ ਪੱਲੜਾ ਭਾਰੀ ਹੋਣ ਕਰਕੇ ਨੀਵਾਂ।
ਭਗਵਾਨ ਰਾਮ ਜੀ ਨੇ ਰਾਮ ਅੱਖਰ ਲਿਖ ਕੇ ਪੱਥਰ ਸਮੁੰਦਰ ਵਿਚ ਤਾਰੇ। ਇਸੇ ਲਈ ਤੁਲਸੀ ਜੀ ਨੇ ਕਿਹਾ ਹੈ :—

ਯਥਾ— **ਕਹਉ ਕਹਾ ਲਗ ਨਾਮ ਵਡਾਈ ॥ ਰਾਮ ਨ ਸਕੈ ਨਾਮ ਗੁਨ ਗਈ ॥** [ਤੁਲਸੀ ਜੀ]

ਗਨੇਸ਼ ਨੇ ਨਾਮ ਦੀ ਪ੍ਰਕਰਮਾ ਕੀਤੀ ਗੁਣਾਂ ਦਾ ਈਸ਼ਵਰ ਭਾਵ ਦੇਵਤਾ ਹੋਇਆ। ਸ਼ਿਵ ਨੇ ਇੰਦ੍ਰ ਦਾ ਕੋਹੜ ਮੇਟਿਆ। ਅਜਾਮਲ ਨੇ ਨਾਮ ਕਹਿ ਕੇ ਮੁਕਤੀ ਪ੍ਰਾਪਤ ਕੀਤੀ।

ਯਥਾ— **੧. ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ ॥** [ਮਾਰੂ ਮਃ ੫, ਅੰਗ ੯੯੯]

ਇਸੇ ਤਰ੍ਹਾਂ ਗਨਕਾ ਦਾ ਉਧਾਰ ਹੋਇਆ :

PDF created with pdfFactory Pro trial version www.pdffactory.com

**੨. ਗਨਿਕਾ ਉਧਰੀ ਹਰਿ ਕਹਿ ਤੋਤ ॥** [ਬਸੰਤ ਮਃ ੫, ਅੰਗ ੧੧੯੨]

**੩. ਨਾਮੀ ਤੇ ਹੈ ਨਾਮ ਵਡਾਈ ॥ ਮਹਿਮਾ ਆਪੇ ਰਾਮ ਲਖਾਈ ॥**

[ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ ੧੭]

## *ਸੰਤਹੁ ਹਰਿ ਹਰਿ ਹਰਿ ਆਰਾਧਹੁ ॥*

ਹੇ ਸੰਤ ਜਨੋ! ਹਰਿ ਵੇਲੇ ਹਰਿ-ਹਰਿ ਨਾਮ ਦਾ ਅਰਾਧਣਾ ਕਰੋ ਵਾ: ਪਾਪਾਂ ਦਾ ਹਰਿ=ਹਾਰਕ ਭਾਵ ਨਾਸਕ ਜੋ ਹਰਿ=ਹਰੀ ਹੈ ਉਹ ਹਰ ਵੇਲੇ ਵਾ: ਮਨ ਬਾਣੀ ਸਰੀਰ ਕਰਕੇ ਅਰਾਧਣਾ ਕਰੋ ਅਥਵਾ ਜੋ ਹਰਿ=ਹਰੀ, ਹਰਿ=ਹਰ ਇਕ ਨੂੰ, ਹਰਿ=ਹਰੇ ਭਰੇ ਕਰਨ ਵਾਲਾ ਹੈ, ਉਸਨੂੰ ਅਰਾਧਣਾ ਕਰੋ।

## *ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ਰਹਾਉ॥*

ਹਰਿ=ਹਰੀ ਵਾਹਿਗੁਰੂ ਨੂੰ ਆਰਾਧਿ=ਅਰਾਧਣ ਕਰਨ ਤੋਂ ਸਭੋ ਕਿਛੁ=ਸਭ ਕੁਝ ਪਾਈਐ=ਪ੍ਰਾਪਤ ਹੁੰਦਾ ਹੈ ਤੇ ਜੀਵ ਦਾ ਭਾਵੇਂ ਕੋਈ ਵੀ ਸੰਸਾਰੀ ਜਾਂ ਪ੍ਰਮਾਰਥੀ ਧੰਦਾ ਹੈ ਉਹ ਸਾਧਹੁ=ਸਾਧਿਆ ਜਾਂਦਾ ਭਾਵ ਸਫਲਾ ਹੋ ਜਾਂਦਾ ਭਾਵ ਪੂਰਾ ਹੋ ਜਾਂਦਾ ਹੈ ਜੈਸੇ ਕਿ ਸੁਦਾਮੇ ਦੀ ਪੁਰੀ ਸੋਨੇ ਦੀ ਹੋਈ।

**ਚਾਰਿ ਪਦਾਰਥ ਸਕੁਚਿ ਪਠਾਏ ॥** [ਵਾਰ ੧੦ ਪਉੜੀ ੯ ਭਾਈ ਗੁਰਦਾਸ]

## *ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥*

ਪ੍ਰਭ=ਮਾਲਕ ਦੀ ਪ੍ਰੇਮਾ ਭਗਤੀ ਵਿਚ ਸਾਡੀ ਬਿਰਤੀ ਲਾਗੀ=ਲਗ ਰਹੀ ਹੈ ਅਥਵਾ: ਪ੍ਰੇਮਾ ਭਗਤੀ ਪ੍ਰਭੂ ਨੂੰ ਪਿਆਰੀ ਲਾਗੀ=ਲਗਦੀ ਹੈ ਪਰ ਪ੍ਰੇਮਾ ਭਗਤੀ ਨੂੰ ਉਹ ਪ੍ਰਾਪਤ ਕਰਦਾ ਹੈ ਜਿਸ ਦੇ ਵਡੇ ਭਾਗ ਹੋਣ।

## *ਜਨ ਨਾਨਕ ਨਾਮੁ ਧਿਆਇਆ ॥*
## *ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥*

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਜਨਾਂ ਨੇ ਨਾਮ ਨੂੰ ਧਿਆਉਣਾ ਕੀਤਾ ਹੈ ਵਾ: ਨਾਮ ਦਾ ਧਿਆਨ ਕੀਤਾ ਹੈ ਉਹਨਾਂ ਨੇ ਸਾਰਿਆਂ ਸੁਖਾਂ ਦਾ ਫਲ ਆਤਮਿਕ ਅਨੰਦ ਨੂੰ ਪ੍ਰਾਪਤ ਕੀਤਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੬੨ [ਆਦਿ ਅੰਗ ੬੨੭]

***ਸੋਰਠਿ ਮਹਲਾ ੫ ॥ ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥***

**ਉਥਾਨਕਾ**—ਇਹ ਪਾਵਨ ਪਵਿੱਤਰ ਅੰਮ੍ਰਿਤ ਵਚਨ ਗੁਰੂ ਅਰਜਨ ਸਾਹਿਬ ਜੀ ਦਾ ੬੨੮ ਅੰਗ ਤੇ ਸੋਰਠਿ ਰਾਗਣੀ ਵਿੱਚ ਉਚਾਰਨ ਕੀਤਾ ਹੋਇਆ ਹੈ ਇਸ ਸ਼ਬਦ ਦੀ ਉਥਾਨਕਾ ਸੰਪਰਦਾਈ ਵਿਚਾਰਧਾਰਾ ਅਨੁਸਾਰ ਇਸ ਪ੍ਰਕਾਰ ਹੈ। ਕਿ ਜਦੋਂ ਗੁਰੂ ਅਰਜਨ ਸਾਹਿਬ ਜੀ ਦੇ ਘਰ ਬਾਬਾ ਬੁੱਢਾ ਸਾਹਿਬ ਜੀ ਦੀ ਰਸਨਾ ਤੋਂ ਮਾਤਾ ਗੰਗਾ ਜੀ ਨੂੰ ਪੁੱਤਰ ਪ੍ਰਾਪਤੀ ਦਾ ਵਰ ਮਿਲਿਆ ਕਿ ਵੱਡੇ-ਵੱਡੇ ਜਾਲਮਾਂ ਦੇ ਇਉਂ ਸਿਰ ਭੰਨਣ ਵਾਲਾ ਮਹਾਨ ਸੂਰਬੀਰ ਹੋਵੇਗਾ ਜਿਵੇਂ ਮੈਂ ਗੰਢੇ ਦਾ ਸਿਰ ਭੰਨਿਆ ਹੈ। ਬੱਦਲਾਂ ਚੋਂ ਉਸ ਸਮੇਂ ਮਿੰਨ੍ਹੀ-ਮਿੰਨ੍ਹੀ ਬੂੰਦਾਂ ਬਾਦੀ ਹੋ ਰਹੀ ਸੀ ਦੂਸਰਾ ਵਚਨ ਸੀ ਕਿ ਮਾਤਾ ! ਤੇਰੀ ਕੁੱਖ ਤੋਂ ਪੈਦਾ ਹੋਣ ਵਾਲਾ ਨਾਮ-ਬਾਣੀ ਦੀ ਮਿੰਨੀ-ਮਿੰਨੀ ਵਰਖਾ ਕਰਿਆ ਕਰੇਗਾ। ਬੱਦਲ ਗਰਜਣ ਤੋਂ ਤੀਸਰਾ ਵਚਨ ਕੀਤਾ ਕਿ ਬੱਦਲ ਦੀ ਤਰ੍ਹਾਂ ਉਹਨਾਂ ਦੇ ਰਣ ਵਿਚ ਨਗਾਰੇ ਗੱਜਣਗੇ। ਬਿਜਲੀ ਗਰਜਣ ਤੋਂ ਚੌਥਾ ਵਚਨ ਕੀਤਾ ਕਿ ਮੈਦਾਨੇ ਜੰਗ ਵਿਚ ਬਿਜਲੀ ਦੀ ਤਰ੍ਹਾਂ ਉਹਨਾਂ ਦੀਆਂ ਕਿਰਪਾਨਾਂ ਚਮਕਣਗੀਆਂ। ਅਜਿਹੇ ਵਰ ਪ੍ਰਾਪਤ ਕਰਕੇ ਮਾਤਾ ਗੰਗਾ ਜੀ ਵਾਪਸ ਪਰਤੇ। ਸਾਲ ਬਾਅਦ ਬਡਾਲੀ ਪਿੰਡ ਤਹਿਸੀਲ ਤੇ ਥਾਣਾ ਅੰਮ੍ਰਿਤਸਰ ਵਿਚ ਗੁਰੂ ਹਰਿਗੋਬਿੰਦ ਜੀ ਦਾ ਅਵਤਾਰ ਮਿਤੀ ੨੧ ਹਾੜ ਸੰਮਤ ੧੬੫੨ ਮੁਤਾਬਕ ੧੪ ਜੂਨ ਸੰਨ ੧੫੯੫ ਨੂੰ ਹੋਇਆ। ਸਾਹਿਬਜ਼ਾਦੇ ਦੇ ਪਰਗਟ ਹੋਣ ਦੀਆਂ ਸਿੱਖ ਸੰਗਤਾਂ ਵੱਲੋਂ ਵਧਾਈਆਂ ਮਿਲਣ ਲੱਗੀਆਂ। ਜਿਨ੍ਹਾਂ ਵਿਚ ਬਾਬਾ ਬੁੱਢਾ ਜੀ ਵੀ ਮੌਜੂਦ ਸਨ। ਸ਼ੁਕਰਾਨੇ ਵਜੋਂ ਇਹ ਸ਼ਬਦ ਉਚਰਾਨ ਕੀਤਾ :—

## ***ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥***

**ਬੰਨਾ**—ਬੰਨਾ ਪਦ ਸੰਸਕ੍ਰਿਤ ਵਿਚ ਕਈ ਅਰਥਾਂ ਦਾ ਵਾਚਕ ਅਰਥ ਆਇਆ ਹੈ ਜਿਸ ਦੇ ਅਰਥ ੧. ਆਸਰਾ। ੨. ਹੱਦ ਸੀਮਾ। ੩. ਕਿਨਾਰਾ-ਕੰਢਾ। ੪. ਵਾਹਕ ਖੇਤ ਦੇ ਕਿਨਾਰੇ ਜਮੀਨ ਦਾ ਉਹ ਹਿੱਸਾ ਜੋ ਪਸ਼ੂਆਂ ਦੇ ਚਾਰਨ ਲਈ ਹੋਵੇ। ੫. ਦੁਲਹਾ-ਲਾੜਾ ਵਰ-ਜੋ ਬਣ-ਸੰਵਰ ਕੇ ਸਜ ਗਿਆ ਹੋਵੇ। ਇਹਨਾਂ ਸਾਰੇ ਅਰਥਾਂ ਵਿਚ ਸੰਪਰਦਾਈ ਵਿਚਾਰਧਾਰਾ ਅਨੁਸਾਰ ਬੰਨੇ ਦਾ ਅਰਥ ਪੁੱਤਰ ਵੀ ਹੈ। ਪਹਿਲੇ ਅਰਥ ਵਿਚ ਇਸ ਪਦ ਦਾ ਅਰਥ ਪੁੱਤਰ ਅੰਤ੍ਰੀਵ ਅਰਥ ਵਿਚ ਬੰਨਾ=ਬੰਨ੍ਹਣਾ, ਰੋਕਣਾ। ਪਹਿਲੇ ਅਰਥ ਦੇ ਮੁਤਾਬਕ ਸਤਿਗੁਰੂ ਜੀ ਗੁਰਸਿੱਖਾਂ ਨੂੰ ਇਹ ਸਿਖਿਆ ਪ੍ਰਦਾਨ ਕਰਦੇ ਹਨ, ਕਿ ਜਦੋਂ ਵੀ ਕੋਈ ਸੰਸਾਰੀ ਸੁਖ ਪਦਾਰਥ ਪ੍ਰਾਪਤ ਹੋਵੇ ਉਹ ਪ੍ਰਮੇਸ਼ਰ ਦੀ ਦਾਤ ਸਮਝ ਕੇ ਸਵੀਕਾਰ ਕਰਨਾ ਹੈ। ਹੁਣ ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਪਰਮੇਸਰਿ (ਪਰਮ+ਈਸਰ) ਪਰਮ=ਵੱਡੇ ਈਸਰ= ਈਸ਼ਵਰ ਨੇ ਕਿਰਪਾ ਕਰਕੇ ਬੰਨਾ=ਸਪੁੱਤਰ (ਸਾਹਿਬਜ਼ਾਦਾ ਹਰਿਗੋਬਿੰਦ) ਬਖ਼ਸ਼ ਦਿੱਤਾ ਹੈ। ਜਿਸ ਕਰਕੇ ਦੁਖ= ਕਸ਼ਟ ਤੇ ਰੋਗ ਆਦਿਕ ਕਾ=ਦਾ ਡੇਰਾ=ਨਿਵਾਸ ਭੰਨਾ=ਭੰਨ, ਤੋੜ ਦਿੱਤਾ ਹੈ। ਵਾ—ਇਉਂ ਮਾਤਾ ਗੰਗਾ ਜੀ ਦੇ ਹਿਰਦੇ ਵਿਚ ਜੋ ਪੁੱਤਰ ਨਾ ਹੋਣ ਦੇ ਦੁੱਖ ਦਾ ਨਿਵਾਸ ਸੀ, ਉਹ ਤੋੜ ਦਿੱਤਾ ਤੇ ਪ੍ਰਿਥੀ ਚੰਦ ਦੇ ਹਿਰਦੇ ਵਿਚ ਜੋ ਹਉਮੈ ਦੇ ਰੋਗ ਦਾ ਨਿਵਾਸ ਸੀ ਕਿ ਇਨ੍ਹਾਂ ਦੇ ਘਰ ਪੁੱਤਰ ਨਹੀਂ ਹੋਣਾ, ਉਹ ਵੀ ਭੰਨ ਦਿੱਤਾ ਹੈ।

## ***ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥***

ਅਨਦ=ਅਨੰਦ ਵਾ ਖੁਸ਼ੀ, ਸੁਖ, ਨਰ=ਸਿਖ, ਨਾਰੀ=ਸਿੱਖਣੀਆ ਕਰਹਿ=ਕਰ ਰਹੀਆਂ ਹਨ। ਹਰ ਪਾਸੇ ਖੁਸ਼ੀਆਂ

PDF created with pdfFactory Pro trial version www.pdffactory.com

ਅਤੇ ਖੇੜੇ ਦੀ ਆਵਾਜ਼ ਆ ਰਹੀ ਹੈ ਕਿਉਂਕਿ ਹਰਿ=ਪ੍ਰਮੇਸ਼ਰ ਹਰਿ=ਜੋ ਹਰ ਇਕ ਦੇ ਅੰਦਰ ਹੈ ਉਸ ਵਾਹਿਗੁਰੂ ਨੇ ਕਿਰਪਾ ਧਾਰੀ=ਕੀਤੀ ਹੈ।

### ***ਸੰਤਹੁ ਸੁਖੁ ਹੋਆ ਸਭ ਥਾਈ ॥***

ਹੇ ਗੁਰਸਿੱਖੋ! ਅੱਜ ਸਾਰਿਆਂ ਥਾਵਾਂ 'ਤੇ ਜਿਥੇ ਵੀ ਸੰਗਤਾਂ ਰਹਿ ਰਹੀਆਂ ਹਨ, ਸੁਖ ਅਨੁਭਵ ਕੀਤਾ ਜਾ ਰਿਹਾ ਹੈ। ਇਹ ਸਭ ਉਸਦੀ ਕ੍ਰਿਪਾ ਹੈ।

### ***ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥***

ਪਾਰਬ੍ਰਹਮ=ਜਿਸ ਬਿਆਪਕ ਪ੍ਰਮੇਸ਼ਰ ਦਾ ਪਾਰ ਉਰਾਰ ਨਹੀਂ ਜੋ ਸਭਨੀ ਜਾਈ=ਸਾਰੀ ਜਗ੍ਹਾ ਪੂਰਨ=ਪਰੀਪੂਰਨ ਹੋ ਕੇ ਇਕ ਰਸ ਰਵਿ ਰਹਿਆ=ਮਿਲਿ ਰਿਹਾ ਹੈ।

### ***ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥***

ਧੁਰਾ ਰੂਪ ਪ੍ਰਮੇਸ਼ਰ ਵੱਲੋਂ ਬਾਬੇ ਬੁੱਢੇ ਸਾਹਿਬ ਦੀ ਰਸਨਾ ਦੁਆਰਾ ਪੁੱਤਰ-ਪ੍ਰਾਪਤੀ ਦੀ ਬਾਣੀ ਆਈ ਜਿਸ ਨੇ ਪੁੱਤਰ ਪ੍ਰਾਪਤੀ ਦੀ ਚਿੰਤਾ ਜੋ ਮਾਤਾ ਗੰਗਾ ਜੀ ਨੂੰ ਲੱਗ ਰਹੀ ਸੀ ਉਹ ਸਗਲੀ=ਸਾਰੀ ਮਿਟਾਈ=ਮਿਟਾ ਦਿੱਤੀ।

### ***ਦਇਆਲ ਪੁਰਖ ਮਿਹਰਵਾਨਾ ॥***
### ***ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥***

ਗੁਰੂ ਅਰਜਨ ਸਾਹਿਬ ਜੀ ਫੁਰਮਾਨ ਕਰਦੇ ਹਨ ਜੋ ਦਇਆਲ=ਦਇਆ ਦਾ ਘਰ ਪੁਰਖ=ਵਿਆਪਕ ਮੇਹਰ ਕਰਨ ਵਾਲਾ ਪ੍ਰਮੇਸ਼ਰ ਹੈ। ਉਸ ਸੱਚੇ ਹਰਿ=ਵਾਹਿਗੁਰੂ ਦੀ ਦਿੱਤੀ ਹੋਈ ਦਾਤ ਦਾ ਸੱਚਾ ਵਖਿਆਨ ਕੀਤਾ ਹੈ।

## ਅੰਤ੍ਰੀਵ ਅਰਥ :

ਜਦੋਂ ਸਤਿਗੁਰੂ ਜੀ ਗੁਰਸਿੱਖਾਂ ਨਾਲ ਇਹ ਵਿਚਾਰ ਸਾਂਝੇ ਕਰ ਰਹੇ ਸਨ ਕੁਝ ਉਤਮ ਜਗਿਆਸੂਆਂ ਨੇ ਗਿਆਨ ਰੂਪ ਪੁੱਤਰ ਦੀ ਪ੍ਰਾਪਤੀ ਲਈ ਸਤਿਗੁਰਾਂ ਤੋਂ ਉਪਦੇਸ਼ ਲੈਣ ਲਈ ਬੇਨਤੀ ਕੀਤੀ ਤਾਂ ਹਜ਼ੂਰ ਨੇ ਏਹੀ ਸ਼ਬਦ ਸੰਸਾਰ ਦੇ ਉਧਾਰ ਲਈ ਉਚਾਰਨ ਕੀਤਾ।

### ***ਪਰਮੇਸਰਿ ਦਿਤਾ ਬੰਨਾ ॥***

ਕਿ ਜਦੋਂ ਪਰਮ ਈਸ਼ਵਰ ਨੇ ਜਗਿਆਸੂ ਨੂੰ ਸੰਤੋਖ ਰੂਪ ਬੰਨਾ=ਬੰਨਾ, ਰੋਕ, ਹੱਦ ਪਦਾਰਥਾਂ ਦੀ ਤ੍ਰਿਸ਼ਨਾ ਤੋਂ ਪਾ ਦਿੱਤੀ ਤਾਂ ਗਿਆਨ ਰੂਪੀ ਪੁੱਤਰ ਮੱਤ ਰੂਪ ਮਾਤਾ ਦੀ ਕੁੱਖ ਵਿਚੋਂ ਗੁਰ ਉਪਦੇਸ਼ ਦੇ ਬੀਜ ਦੁਆਰਾ।

ਯਥਾ— **ਮਤਿ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥** [ਸਵਈਏ ਮਃ ੪, ਅੰਗ ੧੩੯੭]

ਪੈਦਾ ਹੋਇਆ। ਇਹ ਸਭ ਦਾਤ ਪ੍ਰਮੇਸਰ ਦੇ ਹੁਕਮ ਵਿਚ ਪ੍ਰਾਪਤ ਹੋਈ ਜਿਸ ਕਾਰਨ ਦੁੱਖ ਰੋਗ ਕਾ ਡੇਰਾ ਭੰਨਾ :—ਦੁੱਖ=ਜੰਮਣ ਮਰਨ ਦਾ, ਰੋਗ=ਹਉਮੈ ਦਾ ਇਹਨਾਂ ਦੇ ਰਹਿਣ ਦਾ ਡੇਰਾ=ਅਸਥਾਨ ਜੋ ਅਗਿਆਨ ਸੀ। ਉਸ ਨੂੰ ਗਿਆਨ ਰੂਪ ਪੁੱਤਰ ਨੇ ਭੰਨਾ=ਤੋੜ ਦਿੱਤਾ। ਇਹ ਸਭ ਗੁਰੂ-ਕਿਰਪਾ ਦੁਆਰਾ ਹੀ ਸੰਭਵ ਹੈ।

ਯਥਾ— **ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥**

[ਸੋਰਠਿ ਮਃ ੯. ਅੰਗ ੬੩੩]

PDF created with pdfFactory Pro trial version www.pdffactory.com

ਜਿਵੇਂ ਪੁੱਤਰ ਦੀ ਪ੍ਰਾਪਤੀ ਤੋਂ ਸੰਸਾਰ ਵਿਚ ਕੁਲ ਦਾ ਉਜਾਲਾ ਮੰਨਿਆ ਹੈ ਇਸ ਗਿਆਨ ਰੂਪ ਪੁੱਤਰ ਦਾ ਚਾਨਣਾ ਹਿਰਦੇ ਰੂਪੀ ਕੁਲ ਵਿਚ ਹੋਇਆ।

ਯਥਾ— **੧. ਸਤਿਗੁਰ ਸਬਦਿ ਉਜਾਰੋ ਦੀਪਾ॥**
**ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ॥**

[ਬਿਲਾਵਲ ਮਃ ੫, ਅੰਗ ੮੨੧]

**੨. ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥** [ਆਸਾ ਮਃ ੫, ਅੰਗ ੪੦੦]

ਜਦੋਂ ਗੁਰੂ ਅਗਿਆਨਤਾ ਦੇ ਫੰਧੇ ਨੂੰ ਕੱਟ ਦਿੰਦਾ ਹੈ ਤਾਂ ਜੰਮਣ ਮਰਨ ਦੇ ਫੰਧੇ ਛੁੱਟ ਜਾਂਦੇ ਹਨ। ਜਿਸ ਗੁਰੂ ਨੇ ਮਹਾਂ ਮੂਰਖ ਤੋਂ ਗਿਆਨਵਾਨ ਕਰ ਦਿੱਤਾ ਉਸ ਦੀ ਕਹਾਣੀ ਅਕਥ ਹੈ।

ਯਥਾ— **ਮਹਾ ਮੁਗਧ ਤੇ ਕੀਆ ਗਿਆਨੀ॥ ਗੁਰ ਪੂਰੇ ਕੀ ਅਕਥ ਕਹਾਨੀ॥**

[ਪ੍ਰਭਾਤੀ ਮਃ ੫, ਅੰਗ ੧੩੩੮]

ਜਿਸ ਨੇ ਭੀ ਪੂਰੇ ਗੁਰੂ ਤੋਂ ਗਿਆਨ ਪ੍ਰਾਪਤ ਕਰਕੇ ਵਾਹਿਗੁਰੂ ਮੰਤ੍ਰ ਦਾ ਚਿੰਤਨ ਕੀਤਾ ਉਹ ਸੰਸਾਰ-ਸਮੁੰਦਰ ਤੋਂ ਪਾਰ ਉਤਰਿਆ ਹੈ।

ਯਥਾ— **ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥**
**ਜਿਨਿ ਸੇਵਿਆ ਸੋ ਪਾਰਿ ਪਰਿਅਉ॥ ਜਨ ਨਾਨਕ ਗੁਰਮੁਖਿ ਜਗਤੁ ਤਰਿਓ॥**

[ਗਉੜੀ ਮਃ ੫, ਅੰਗ ੨੪੧]

ਇਉਂ ਅਗਿਆਨਤਾ ਦਾ ਨਾਸ ਕਰਕੇ ਗਿਆਨ ਦਾ ਪ੍ਰਕਾਸ਼ ਕੀਤਾ। ਗਿਆਨ-ਪ੍ਰਕਾਸ਼ ਹੋਣ ਦਾ ਕਾਰਨ ਨਾਮ ਸਿਮਰਨ ਦਰਸਾਇਆ, ਦੁੱਖ ਰੋਗ ਦਾ ਦਾਰੂ ਨਾਮ ਦੱਸਿਆ।

ਯਥਾ— **ਸਰਬ ਰੋਗ ਕਾ ਅਉਖਦੁ ਨਾਮੁ॥ ਕਲਿਆਣ ਰੂਪ ਮੰਗਲ ਗੁਣ ਗਾਮ॥**

[ਗਉੜੀ ਸੁਖਮਨੀ ਮਃ ੫, ਅੰਗ ੨੭੪]

ਭਾਈ ਨੰਦ ਲਾਲ ਸਿੰਘ ਜੀ ਦਾ ਕਥਨ ਹੈ:

**ਦਾਰੂਇ ਹਰ ਦਰਦਿ ਰਾ ਯਾਦੇ ਖੁਦਾਸਤ॥** [ਭਾਈ ਨੰਦ ਲਾਲ]

ਜਦੋਂ ਤੱਕ ਜੀਵ ਨੂੰ ਪੂਰੇ ਗੁਰੂ ਦੀ ਪ੍ਰਾਪਤੀ ਨਹੀਂ, ਤਦ ਤੱਕ ਇਸਦੇ ਰੋਗਾਂ ਦੀ ਨਵਿਰਤੀ ਨਹੀਂ ਹੁੰਦੀ, ਕਿਉਂਕਿ ਰੋਗਾਂ ਦਾ ਮੂਲ ਕਾਰਨ ਜੀਵ ਦੀ ਹਉਮੈ ਹੈ।

ਯਥਾ— **ਹਉਮੈ ਦੀਰਖ ਰੋਗੁ ਹੈ ਦਾਰੂ ਭੀ ਇਸ ਮਾਹਿ॥** [ਵਾਰ ਆਸਾ ਮਃ ੨, ਅੰਗ ੪੬੬]

ਇਸ ਲਈ ਹਉਮੈ ਵਿਚ ਗ੍ਰਸੇ ਹੋਏ ਪ੍ਰਾਣੀ ਮਾਤਰ ਨੂੰ ਕੇਵਲ ਪੂਰਾ ਗੁਰੂ ਹੀ ਹਉਮੈ ਰੋਗ ਤੋਂ ਬਚਾ ਸਕਦਾ ਹੈ:

ਯਥਾ— **ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ॥**
**ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ॥**

[ਸਲੋਕਾਂ ਵਾਰਾਂ ਤੇ ਵਧੀਕ, ਅੰਗ ੧੪੨੪]

ਸੋ ਇਹਨਾਂ ਸਬਦਾਂ ਦੁਆਰਾ ਇਹ ਗੱਲ ਸਾਬਤ ਹੁੰਦੀ ਹੈ ਕਿ ਕੇਵਲ ਪੂਰਾ ਗੁਰੂ ਹੀ ਅਗਿਆਨ ਭਰਮ, ਦੁੱਖ, ਕਲੇਸ਼ ਤੇ ਸਰੀਰਕ ਰੋਗਾਂ ਦੇ ਨਾਸ ਕਰਨ ਵਾਲਾ ਹੈ ਔਰ ਗਿਆਨ ਰੂਪ ਪੁੱਤਰ ਬਖਸ਼ਿਸ਼ ਕਰਨ ਵਾਲਾ ਹੈ। ਸੰਸਾਰੀ ਪੁੱਤਰ ਨਾਲੋਂ ਇਸ ਪੁੱਤਰ ਦਾ ਇਹ ਭੀ ਅੰਤਰਾ ਹੈ ਕਿ ਸੰਸਾਰੀ ਪੁੱਤਰ ਇਸਤਰੀ ਦੀ ਕੁੱਖ ਵਿਚ ਹੀ ਪੈਦਾ ਹੁੰਦਾ ਹੈ ਤੇ ਗਿਆਨ ਰੂਪ ਪੁੱਤਰ ਇਸਤਰੀ ਪੁਰਖ ਦੋਨਾਂ ਦੀ ਅੰਤਹਕਰਨ ਰੂਪ ਕੁੱਖ ਵਿਚ ਪੈਦਾ ਹੁੰਦਾ ਹੈ ਅਤੇ ਜਿਸਨੂੰ ਵੀ ਇਹ ਗਿਆਨ ਰੂਪ ਪੁੱਤਰ ਹੋ ਜਾਵੇ:

PDF created with pdfFactory Pro trial version www.pdffactory.com

## ਅਨਦ ਕਰਹਿ ਨਰ ਨਾਰੀ ॥

ਨਰ=ਪੁਰਸ਼, ਨਾਰੀ=ਇਸਤਰੀ ਇਹ ਗਿਆਨ ਰੂਪ ਪੁੱਤਰ ਨੂੰ ਪ੍ਰਾਪਤ ਕਰਕੇ ਅਨਦ ਕਰਹਿ=ਆਪਣੇ ਜੀਵਨ ਨੂੰ ਅਨੰਦਤਾਈ ਨਾਲ ਬਤੀਤ ਕਰਦੇ ਹਨ।

## ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥

ਹਰਿ=ਵਾਹਿਗੁਰੂ ਜੋ ਹਰਿ=ਹਰ ਇਕ ਦੇ ਅੰਦਰ ਹੈ ਉਸ ਨੇ ਗਿਆਨਵਾਨ 'ਤੇ ਆਪਣੀ ਕਿਰਪਾ ਧਾਰੀ ਹੋਈ ਹੈ ਕਿਉਂਕਿ ਗਿਆਨ ਰੂਪ ਪੁੱਤਰ ਉਸਨੂੰ ਹੀ ਪ੍ਰਾਤਪ ਹੁੰਦਾ ਹੈ ਜਿਸ ਉੱਤੇ ਵਾਹਿਗੁਰੂ ਆਪਣੀ ਕਿਰਪਾ ਬਣਾਈ ਰਖਦਾ ਹੈ।

## ਸੰਤਹੁ ਸੁਖੁ ਹੋਆ ਸਭ ਥਾਈ ॥

ਸੰਤਹੁ=ਹੇ ਗੁਰਸਿੱਖੋ ! ਉਸ ਗਿਆਨਵਾਨ ਨੂੰ ਹਰ ਥਾਂ 'ਤੇ ਸੁਖ ਹੈ ਭਾਵੇਂ ਮਹਾਰਾਜੇ ਜਨਕ ਦੀ ਤਰ੍ਹਾਂ ਅਠਾਰਾਂ ਪ੍ਰਕਾਰ ਦੇ ਨਰਕਾਂ ਵਾਲੀ ਜਗ੍ਹਾ ਜਿਥੇ ਜੀਵ ਦੁੱਖ ਭੋਗ ਰਹੇ ਸਨ। ਮਹਾਰਾਜੇ ਜਨਕ ਨੂੰ ਤਾਂ ਸੁਖ ਹੋਣਾ ਹੀ ਸੀ, ਪਰ ਅਠਾਰਾਂ ਪ੍ਰਕਾਰ ਦੇ ਨਰਕੀ ਜੀਵਾਂ ਨੂੰ ਇਸ ਗਿਆਨਵਾਨ ਮਹਾਂਪੁਰਸ਼ ਤੋਂ ਜੋ ਸੁਖ ਪ੍ਰਾਪਤ ਹੋਇਆ ਉਸ ਦੀ ਗਾਥਾ ਸੰਸਾਰ ਵਿਚ ਪ੍ਰਸਿੱਧ ਹੈ।

## ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ਰਹਾਉ॥

ਰਹਾਉ=ਅਸਥਾਈ ਦੇ ਕੇ ਸਮਝਾਉਂਦੇ ਹਨ। ਇਸ ਸਿਧਾਂਤਕ ਤੁਕ ਵਿਚ ਗਿਆਨਵਾਨ ਪੁਰਖ ਦੀ ਅਵਸਥਾ ਕਥਨ ਹੈ ਕਿ ਉਸਦਾ ਨਿਸਚਾ ਇਹੋ ਜਿਹਾ ਪ੍ਰਪੱਕ ਹੈ। ਬ੍ਰਹਮ ਸ਼ਬਦ ਬਿਆਪਕਤਾ ਦਾ ਬੋਧਕ ਹੈ। ਬ੍ਰਹਮ=ਬਿਆਪਕ ਜਿਸ ਦਾ ਪਾਰ ਉਰਾਰ ਨਹੀਂ ਜੋ ਕਿਤੇ ਘੱਟ ਔਰ ਵੱਧ ਵੀ ਨਹੀਂ।

ਯਥਾ— **ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ।**
**ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।** [ਦਸਮ ਗ੍ਰੰਥ, ਅੰਗ ੨੬]

ਹਰ ਇਕ ਜਗ੍ਹਾ ਪਰੀਪੂਰਨ ਹੈ। ਸਾਰੀ ਜਾਈ=ਜਗ੍ਹਾ ਰਵਿ=ਮਿਲ ਰਿਹਾ ਹੈ, ਬਿਆਪਕ ਹੋ ਰਿਹਾ ਹੈ।

## ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥

ਇਸ ਸੰਸਾਰ ਵਿਚ ਕੋਈ ਚੀਜ਼ ਨਹੀਂ ਜੋ ਨਾ ਚਲਦੀ ਹੋਵੇ ਸਿਰਫ ਇੱਕੋ ਇੱਕ ਵਾਹਿਗੁਰੂ ਆਪ ਹੀ ਅਚੱਲ ਹੈ। ਇਸੇ ਲਈ ਉਸ ਨੂੰ ਧੁਰਾ ਰੂਪ ਕਥਨ ਕੀਤਾ ਹੈ ਕਿਉਂਕਿ ਧੁਰੇ ਦੇ ਦੁਆਲੇ ਸਾਰਾ ਚੱਕਰ ਘੁੰਮਿਆ ਕਰਦਾ ਹੈ। ਜੈਸਾ ਕਿ ਗੱਡੇ ਦਾ ਧੁਰਾ ਅਚੱਲ ਹੈ ਤੇ ਪਹੀਆ ਚਲਾਏਮਾਨ ਹੈ। ਜਦੋਂ ਅਕਾਸ਼ ਦੇ ਤਾਰਾ-ਮੰਡਲ ਨੂੰ ਦੇਖਦੇ ਹਾਂ ਤਾਂ ਉਹਨਾਂ ਵਿਚ ਵੀ ਇਕ ਧੁਰਾ ਰੂਪ ਤਾਰਾ ਹੈ ਜਿਸ ਨੂੰ ਤਾਰਾਮੰਡਲ ਦਾ ਧਰੁਵ ਆਖਿਆ ਜਾਂਦਾ ਹੈ ਜਿਸਦੇ ਦੁਆਲੇ ਤਾਰਾ-ਮੰਡਲ ਚੱਕਰ ਲਗਾ ਰਿਹਾ ਹੈ। ਇਸ ਨੂੰ ਧਰੁਵ ਜਾਂ ਧਰੂ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਨੂੰ ਪ੍ਰਮਾਤਮਾ ਨੇ ਆਪਣੀ ਅਚੱਲਤਾ ਦੇ ਰੂਪ ਸਮੁੰਦਰ 'ਚੋਂ ਇਕ ਬੂੰਦ ਰੂਪ ਅਚੱਲਤਾ ਦਾ ਕਿਨਕਾ ਦਿੱਤਾ ਹੈ ਜਿਸ ਨੂੰ ਦੇਖ ਕੇ ਲੋਕਾਂ ਨੂੰ ਸਮਝ ਆ ਜਾਵੇ ਕਿ ਪ੍ਰਮਾਤਮਾ ਜਿਸ ਨੂੰ ਚਾਹੇ ਅਚੱਲ ਕਰ ਸਕਦਾ ਹੈ। ਇਕ ਦਿਨ ਐਸਾ ਆਏਗਾ ਕਿ ਜਦੋਂ ਧਰੂ ਵੀ ਚਲਾਏਮਾਨ ਹੋ ਜਾਏਗਾ ਪਰ ਐਸਾ ਦਿਨ ਕਦੀ ਨਹੀਂ ਆਏਗਾ ਕਿ ਜਿਸ ਦਿਨ ਪ੍ਰਮਾਤਮਾ ਆਪਣੀ ਅਚੱਲਤਾ ਦਾ ਗੁਣ ਤਿਆਗ ਕੇ ਚਲਾਏਮਾਨ ਹੋ ਜਾਵੇ ਤੇ ਉਹ ਅਚੱਲ ਪ੍ਰਮਾਤਮਾ ਦੇ ਵਿਚੋਂ ਗਿਆਨ ਰੂਪ ਪੁੱਤਰ ਦੇਣ ਵਾਲੀ ਬਾਣੀ ਗੁਰੂ ਸਾਹਿਬ ਦੀ ਰਸਨਾ ਦੁਆਰਾ ਆਈ ਜਿਸ ਨੇ ਸਾਰੀ ਚਿੰਤਾ

PDF created with pdfFactory Pro trial version www.pdffactory.com

ਭਾਵ ਹਰ ਪ੍ਰਕਾਰ ਦੀ ਚਿੰਤਾ ਮਿਟਾਈ=ਮੇਟ ਦਿੱਤੀ।

ਯਥਾ— **ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

[ਤਿਲੰਗ ਮਃ ੧, ਅੰਗ ੭੨੨]

## *ਦਇਆਲ ਪੁਰਖ ਮਿਹਰਵਾਨਾ ॥*

ਦਇਆਲ=ਦਇਆ ਦਾ ਆਲ=ਘਰ, ਪੁਰਖ=ਬਿਆਪਕ, ਮਿਹਰਵਾਨੀ ਕਰਨ ਵਾਲਾ, ਬਖਸ਼ਿਸ਼ ਕਰਨ ਵਾਲਾ ਜੋ ਵਾਹਿਗੁਰੂ ਹੈ।

## *ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥*

ਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਐਸੇ ਵਾਹਿਗੁਰੂ ਦੇ ਗਿਆਨ ਦੇਣ ਵਾਲੇ ਸ਼ਬਦ ਦਾ ਵਖਾਨਾ=ਕਥਨ ਕੀਤਾ ਹੈ।

ਯਥਾ— **੧. ਮਿਹਰਵਾਨੁ ਸਾਹਿਬੁ ਮਿਹਰਬਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥**
**ਜੀਅ ਸਗਲ ਕਉ ਦੇਇ ਦਾਨੁ ॥** [ਤਿਲੰਗ ਮਃ ੫, ਅੰਗ ੭੨੪]

**੨. ਅਸੰਖ ਖਤੇ ਖਿਨ ਬਖਸਨਹਾਰਾ ॥ ਨਾਨਕ ਸਾਹਿਬ ਸਦਾ ਦਇਆਰਾ ॥**

[ਗਉੜੀ ਮਃ ੫, ਅੰਗ ੨੬੦]

**੩. ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ ॥**

[ਮਾਝ ਮਃ ੫, ਅੰਗ ੧੦੩]

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com